Excellence in Agri Info

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh • RNI/PUNPUN00806 • Issue Dated 26-10-2024 • Vol.42 No.43 • Ph. : 0175-2214575, 90410-14575 • Page : 16

E-mail : khetiduniyan1983@gmail.com





## ਪਰਾਲੀ ਨੂੰ ਖੇਤ ਵਿੱਚ ਹੀ ਵਾਹੁਣ ਨਾਲ ਬਹੁਤ ਸਾਰੇ ਪੋਸ਼ਕ ਤੱਤਾਂ ਦੀ ਪੂਰਤੀ ਹੁੰਦੀ ਹੈ

# ਝੋਨੇ ਦੀ ਪਰਾਲੀ ਦੀ ਸੰਭਾਲ ਅਤੇ ਕਣਕ ਦੀ ਸੁਚੱਜੀ ਬਿਜਾਈ

ਜਏਸ਼ ਸਿੰਘ, ਸੁਰਜੀਤ ਸਿੰਘ ਮਨਹਾਸ ਅਤੇ ਅਮਨਪ੍ਰੀਤ

ਪੰਜਾਬ ਦੇ ਸਾਲਾਨਾ ਫ਼ਸਲੀ ਚੱਕਰ ਵਿੱਚ ਕਣਕ-ਝੋਨੇ ਦੀ ਅਹਿਮ ਭੂਮਿਕਾ ਹੈ। ਮਸ਼ੀਨੀਕਰਨ ਯੁੱਗ ਵਿੱਚ ਇਨ੍ਹਾਂ ਫ਼ਸਲਾਂ ਦੀ ਵਾਢੀ ਦਾ ਕੰਮ ਵੀ ਆਧੁਨਿਕ ਕੰਬਾਈਨਾਂ ਰਾਹੀਂ ਹੀ ਕੀਤਾ ਜਾਂਦਾ ਹੈ, ਜਿਸ ਨਾਲ ਹਰ ਸਾਲ ਕ੍ਰਮਵਾਰ ਲਗਭਗ ਮਿਲੀਅਨ ਟਨ ਫ਼ਸਲੀ ਰਹਿੰਦ-ਖੂੰਹਦ ਪੈਦਾ ਹੁੰਦੀ ਹੈ। ਜਿੱਥੇ ਕਣਕ ਦੇ ਨਾੜ ਦਾ ਲਗਭਗ 90% ਹਿੱਸਾ ਤੂੜੀ ਬਣਾ ਕੇ ਪਸ਼ੂਆਂ ਦੇ ਚਾਰੇ ਲਈ ਵਰਤ ਲਿਆ ਜਾਂਦਾ ਹੈ, ਉਥੇ ਝੋਨੇ ਦੀ ਪਰਾਲੀ ਦੀ ਸੰਭਾਲ ਅੱਜ ਵੀ ਸਾਡੇ ਲਈ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਇਸ ਪਰਾਲੀ ਨੂੰ ਖੇਤ ਦੇ ਵਿੱਚ ਹੀ ਵਾਹੁਣ ਨਾਲ ਬਹੁਤ ਸਾਰੇ ਪੋਸ਼ਕ ਤੱਤਾਂ ਦੀ ਪੂਰਤੀ ਹੁੰਦੀ ਹੈ। ਭੂਮੀ ਵਿੱਚ ਜੈਵਿਕ ਮਾਦੇ ਦੀ ਮਾਤਰਾ ਵਧਦੀ ਹੈ ਅਤੇ ਆਉਣ ਵਾਲੀ ਫ਼ਸਲ ਦੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ।



10 ਕੁਇੰਟਲ ਪਰਾਲੀ ਵਿੱਚ 400 ਕਿਲੋ ਜੈਵਿਕ ਕਾਰਬਨ, 5.5 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ, 25 ਕਿਲੋ ਪੋਟਾਸ਼ੀਅਮ, 1.2 ਕਿਲੋ ਗੰਧਕ, 3-4 ਕਿਲੋ ਕੈਲਸ਼ੀਅਮ, 1-3 ਕਿਲੋ ਮੈਗਨੀਸ਼ੀਅਮ ਅਤੇ 40-70 ਕਿਲੋ ਸਿਲੀਕੋਨ ਦੀ ਮਾਤਰਾ ਹੁੰਦੀ ਹੈ।

ਪਰਾਲੀ, ਧਰਤੀ ਵਿੱਚ ਬਹੁਤ ਸਾਰੇ ਸੂਖਮ ਜੀਵਾਣੂਆਂ ਲਈ ਭੋਜਨ ਦਾ ਕੰਮ ਕਰਦੀ ਹੈ। ਸੂਖਮ ਜੀਵ ਹੌਲੀ-ਹੌਲੀ ਪਰਾਲੀ ਨੂੰ ਗਾਲ ਕੇ ਖਾਦ ਤਿਆਰ ਕਰਦੇ ਹਨ, ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਨ ਦੇ ਨਾਲ-ਨਾਲ ਇਹ ਧਰਤੀ ਦੀ ਭੌਤਿਕ ਸਥਿਤੀ ਵਿੱਚ ਵੀ ਬਹੁਤ ਸੁਧਾਰ ਕਰਦੇ ਹਨ। ਇਸ ਦੇ ਨਾਲ-ਨਾਲ ਧਰਤੀ ਦੀ ਪਾਣੀ ਜੀਰਨ ਦੀ ਸਮਰੱਥਾ ਵਿੱਚ ਵੀ ਵਾਧਾ ਹੁੰਦਾ ਹੈ।

ਧਰਤੀ ਦੀ ਸਤ੍ਹਾ 'ਤੇ ਵਿਛੀ ਪਰਾਲੀ ਦੀ ਤਹਿ ਅਤੇ ਸੂਖਮ ਜੀਵਾਂ ਦੁਆਰਾ ਮਿੱਟੀ ਦੇ ਬਾਰੀਕ ਕਣਾਂ ਨੂੰ ਇੱਕ-ਦੂਜੇ ਨਾਲ ਜੋੜਨ ਦੀ ਪ੍ਰਕਿਰਿਆ ਇਸ ਨੂੰ ਖੁਰਨ ਤੋਂ ਬਚਾਉਂਦੀ ਹੈ। ਦਸੰਬਰ-ਜਨਵਰੀ ਵਰਗੇ ਮਹੀਨਿਆਂ ਵਿੱਚ ਵੀ ਸਤ੍ਹਾ ਦਾ ਤਾਪਮਾਨ ਫ਼ਸਲ ਦੇ ਅਨੁਕੂਲ ਰੱਖਣ ਵਿੱਚ ਸਹਾਇਤਾ ਪ੍ਰਦਾਨ ਕਰਦੀ ਹੈ। ਨਦੀਨਾਂ ਦੇ ਵਾਧੇ ਨੂੰ ਕਾਬੂ ਕਰਕੇ ਖੇਤੀ ਖਰਚਿਆਂ ਨੂੰ ਘੱਟ ਕਰਦੀ ਹੈ।

ਲਗਾਤਾਰ ਪਰਾਲੀ ਖੇਤਾਂ ਵਿੱਚ ਵਾਹੁਣ ਨਾਲ ਜ਼ਮੀਨ ਪੋਲੀ ਹੁੰਦੀ ਹੈ, ਉਪਜਾਊ ਸ਼ਕਤੀ ਵਧਦੀ ਹੈ, ਜਿਸ ਨਾਲ ਫ਼ਸਲ ਦੀ ਜੜ੍ਹ ਡੂੰਘੀ ਹੁੰਦੀ ਜਾਂਦੀ ਹੈ ਅਤੇ ਪੱਕਣ ਸਮੇਂ ਡਿੱਗਣ ਦਾ ਖਤਰਾ ਘੱਟ ਜਾਂਦਾ ਹੈ। ਫਲਸਰੂਪ ਝਾੜ ਵਿੱਚ ਵਾਧਾ ਹੁੰਦਾ ਹੈ।

ਕਣਕ ਦੀ ਫ਼ਸਲ ਪੱਕਣ ਸਮੇਂ ਮਾਰਚ-ਅਪ੍ਰੈਲ ਦੇ ਮਹੀਨਿਆਂ ਵਿੱਚ ਤਾਪਮਾਨ ਇਕਦਮ ਵਧਣ ਨਾਲ ਝਾੜ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ, ਪਰ ਇਹ ਦੇਖਿਆ ਗਿਆ ਹੈ ਕਿ ਪਰਾਲੀ ਵਾਲੇ ਖੇਤਾਂ ਵਿੱਚ ਲੰਬਾ ਸਮਾਂ ਸਿੱਲ ਬਰਕਰਾਰ ਰਹਿੰਦੀ ਹੈ, ਜਿਸ ਕਰਕੇ ਝਾੜ ਵਿੱਚ ਘਾਟਾ ਨਹੀਂ ਪੈਂਦਾ।

**ਝੋਨੇ ਦੀ ਪਰਾਲੀ ਵਿੱਚ ਕਣਕ ਦੀ ਸੁਚੱਜੀ ਬਿਜਾਈ** : ਜਿਨ੍ਹਾਂ ਖੇਤਾਂ ਵਿੱਚ ਝੋਨੇ ਦੀ ਵਾਢੀ ਕੰਬਾਈਨ ਨਾਲ ਕੀਤੀ ਗਈ ਹੋਵੇ, ਉਨ੍ਹਾਂ ਖੇਤਾਂ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਣਕ ਦੀ ਬਿਜਾਈ ਕਰਨ ਵਾਸਤੇ ਹੈਪੀ ਸੀਡਰ, ਸਮਾਰਟ ਸੀਡਰ ਅਤੇ ਸੁਪਰ ਸੀਡਰ ਮਸ਼ੀਨਾਂ ਦੀ ਸਿਫਾਰਿਸ਼ ਕਰਦੀ ਹੈ। ਜਿਨ੍ਹਾਂ ਖੇਤਾਂ ਵਿੱਚ ਸਮਾਰਟ ਸੀਡਰ ਜਾਂ ਸੁਪਰ ਸੀਡਰ ਵਰਤਣਾ ਹੋਵੇ, ਉਥੇ ਮਲਚਰ ਵਰਤਣ ਦੀ ਲੋੜ ਨਹੀਂ। ਭਾਰੀਆਂ ਜ਼ਮੀਨਾਂ, ਜਿਨ੍ਹਾਂ ਵਿੱਚ ਪਰਾਲੀ ਦੀ ਮਾਤਰਾ ਜ਼ਿਆਦਾ ਹੋਵੇ, ਉਥੇ ਹੈਪੀ ਸੀਡਰ ਨਾਲ ਕਣਕ ਬੀਜਣ ਤੋਂ ਪਹਿਲਾਂ ਵੀ ਮਲਚਰ ਵਰਤਣ ਦੀ ਲੋੜ ਨਹੀਂ।

ਜਿਨ੍ਹਾਂ ਖੇਤਾਂ ਵਿੱਚ ਹੈਪੀ ਸੀਡਰ / ਸਮਾਰਟ ਸੀਡਰ / ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰਨੀ ਹੋਵੇ, ਉਥੇ ਝੋਨੇ ਦੇ ਖੇਤ ਵਿੱਚ ਆਖਰੀ ਪਾਣੀ ਇਸ ਤਰ੍ਹਾਂ ਲਗਾਓ ਕਿ ਖੇਤ ਵਿੱਚ ਤਰ-ਵੱਤਰ ਨਮੀ ਹੋਵੇ।

ਹੈਪੀ ਸੀਡਰ / ਸਮਾਰਟ ਸੀਡਰ / ਸੀਡਰ ਨਾਲ ਕਣਕ ਦੀ ਬਿਜਾਈ ਦੀ ਡੂੰਘਾਈ 1.5 ਤੋਂ 2.0 ਇੰਚ ਰੱਖੋ।

ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਲਈ ਪੀ. ਬੀ. ਡਬਲਿਊ.-869 ਤੋਂ ਬਿਨਾਂ ਬਾਕੀ ਕਿਸਮਾਂ ਲਈ ਬੀਜ ਦੀ ਮਾਤਰਾ ਆਮ ਵਹਾਈ ਲਈ ਸਿਫਾਰਿਸ਼ ਕੀਤੀ ਮਾਤਰਾ ਤੋਂ 5 ਕਿਲੋ ਪ੍ਰਤੀ ਏਕੜ ਵੱਧ ਰੱਖੋ।



ਬਿਜਾਈ ਸਮੇਂ ਡੀ. ਏ. ਪੀ. ਦੀ ਸਿਫਾਰਿਸ਼ ਕੀਤੀ ਮਾਤਰਾ 65 ਕਿਲੋ ਪ੍ਰਤੀ ਏਕੜ ਰੱਖੋ। ਇਸ ਤੋਂ ਉਪਰੰਤ ਯੂਰੀਆ ਖਾਦ ਨੂੰ ਦੋ ਬਰਾਬਰ ਕਿਸ਼ਤਾਂ ਵਿੱਚ 45 ਕਿਲੋ ਪ੍ਰਤੀ ਕਿਸ਼ਤ ਵੰਡ ਕੇ ਪਹਿਲੇ ਅਤੇ ਦੂਜੇ ਪਾਣੀ ਤੋਂ ਪਹਿਲਾਂ ਖੇਤਾਂ ਵਿੱਚ ਖਿਲਾਰ ਦਿਉ। ਭਾਰੀਆਂ ਜ਼ਮੀਨਾਂ ਵਿੱਚ ਦੂਜਾ ਪਾਣੀ ਦੇਰ ਨਾਲ ਲੱਗਣ ਦੀ ਸੰਭਾਵਨਾ ਹੋਣ 'ਤੇ 10% ਯੂਰੀਆ ਦੇ ਦੋ ਛਿੜਕਾਅ ਕਣਕ ਦੀ ਬਿਜਾਈ ਤੋਂ 42 ਅਤੇ 54 ਦਿਨ ਉਪਰੰਤ ਕਰੋ।

ਹੈਪੀ ਸੀਡਰ/ਸਮਾਰਟ ਸੀਡਰ ਨਾਲ ਹਲਕੀਆਂ ਜ਼ਮੀਨਾਂ ਵਿੱਚ ਬੀਜੀ ਕਣਕ ਨੂੰ ਪਹਿਲਾ ਪਾਣੀ ਤਕਰੀਬਨ 25-30 ਦਿਨ ਅਤੇ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ 30-35 ਦਿਨਾਂ ਤੱਕ ਲਾਉ, ਪਰ ਸੁਪਰ ਸੀਡਰ ਨਾਲ ਬੀਜੀ ਕਣਕ ਨੂੰ ਪਾਣੀ ਸਿਫਾਰਿਸ਼ ਅਨੁਸਾਰ ਲਾਉ। ਪਾਣੀ ਹਮੇਸ਼ਾ ਹਲਕਾ ਅਤੇ ਬਰਸਾਤ ਸੰਬੰਧੀ ਜਾਣਕਾਰੀ ਦੇ ਮੱਦੇਨਜ਼ਰ ਹੀ ਲਾਉ। ਪਾਣੀ ਹਮੇਸ਼ਾ ਦਿਨ ਸਮੇਂ ਲਾਉ, ਤਾਂ ਕਿ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ ਅਤੇ ਪਾਣੀ ਇਕਸਾਰ ਅਤੇ ਹਲਕਾ ਰੱਖੋ।

ਅਕਤੂਬਰ ਮਹੀਨੇ ਤੱਕ ਝੋਨੇ ਦੇ ਖੇਤਾਂ ਦਾ ਨਿਰੀਖਣ ਕਰਦੇ ਰਹੋ। ਜੇਕਰ ਝੋਨੇ ਵਿੱਚ ਮੁੰਜਰਾਂ ਕੱਟਣ ਵਾਲੀ ਸੁੰਡੀ (ਕਣਕ ਦੀ ਸੈਨਿਕ ਸੁੰਡੀ) ਜਾਂ ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਨਜ਼ਰ ਆਵੇ ਤਾਂ ਉਸ ਦੀ ਤੁਰੰਤ ਸਿਫਾਰਿਸ਼ ਮੁਤਾਬਕ ਰੋਕਥਾਮ ਕਰੋ ਤਾਂ ਜੋ ਇਹ ਕੀੜੇ ਪਰਾਲੀ ਰਾਹੀਂ ਕਣਕ ਦੀ ਫ਼ਸਲ 'ਤੇ ਹਮਲਾ ਨਾ ਕਰਨ।

ਨਵੰਬਰ-ਦਸੰਬਰ ਦੇ ਮਹੀਨੇ ਪਰਾਲੀ ਵਾਲੇ ਕਣਕ ਦੇ ਖੇਤਾਂ ਵਿੱਚ ਕੀੜੇ-ਮਕੌੜੇ, ਬਿਮਾਰੀ ਅਤੇ ਚੂਹਿਆਂ ਦੇ ਹਮਲੇ ਨੂੰ ਜਾਨਣ ਲਈ ਲਗਾਤਾਰ ਸਰਵੇਖਣ ਕਰਦੇ ਰਹੋ ਤਾਂ ਜੋ ਵੇਲੇ ਸਿਰ ਸਮੱਸਿਆ ਦਾ ਹੱਲ ਕੀਤਾ ਜਾ ਸਕੇ। ਸਿਉਂਕ ਦੇ ਹਮਲੇ ਨੂੰ ਰੋਕਣ ਲਈ ਬੀਜ ਸੋਧ ਜ਼ਰੂਰ ਕਰੋ।

### ਤਨਵੀਰ ਅਹਿਮਦ ਦੀ ਸਫਲਤਾ ਦੀ ਕਹਾਣੀ

# ਤਨਵੀਰ ਕਰ ਰਿਹੈ ਕੰਡਿਆਂ ਵਿੱਚ ਆਪਣੇ ਉੱਜਵਲ ਭਵਿੱਖ ਦੀ ਤਲਾਸ਼

## ਕਿਹਾ, ਸੂਬੇ ਵਿੱਚ ਕੈਕਟਸ ਮਾਰਕੀਟ ਵਿੱਚ ਕ੍ਰਾਂਤੀ ਲਿਆਉਣਾ ਮੁੱਖ ਮਕਸਦ

ਪਿਛਲੇ ਇੱਕ ਦਹਾਕੇ ਤੋਂ ਮਾਲੇਰਕੋਟਲੇ ਦਾ ਤਨਵੀਰ ਅਹਿਮਦ ਭਾਰਤੀ ਕੈਕਟਸ ਅਤੇ ਸੁਕੂਲੈਂਟ ਕਾਸ਼ਤ ਖੇਤੀ ਉਦਯੋਗ ਵਿੱਚ ਇੱਕ ਟਰੇਲਬਲੇਜ਼ਰ ਬਣ ਗਿਆ ਹੈ, ਜਿਸ ਨੇ ਵਿਸ਼ਵ ਬਾਜ਼ਾਰ ਵਿੱਚ ਇੱਕ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਹੈ। ਇਸ ਖੇਤਰ ਵਿੱਚ ਰਵਾਇਤੀ ਤੌਰ 'ਤੇ ਚੀਨ, ਇਟਲੀ, ਜਰਮਨੀ, ਥਾਈਲੈਂਡ ਅਤੇ ਯੂ. ਐਸ. ਵਰਗੇ ਦੇਸ਼ਾਂ ਦਾ ਦਬਦਬਾ ਹੈ। ਤਨਵੀਰ ਅਹਿਮਦ ਦੇ ਇਸ ਪ੍ਰਾਜੈਕਟ ਦਾ ਉਦੇਸ਼ ਇਸ ਖੇਤਰ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਉਣਾ ਹੈ। ਤਨਵੀਰ ਦੇ ਇਸ ਜਨੂੰਨ ਦੀ ਸ਼ੁਰੂਆਤ ਦੁਰਲੱਭ ਅਤੇ ਵਿਦੇਸ਼ੀ ਪੌਦਿਆਂ ਲਈ ਪਿਆਰ ਵਜੋਂ 10 ਸਾਲ ਪਹਿਲਾਂ ਹੋਈ ਸੀ। ਭਾਰਤ ਵਿੱਚ ਵਿਲੱਖਣ ਕੈਕਟੀ ਪ੍ਰਜਾਤੀਆਂ ਦੀ ਸੀਮਤ ਉਪਲੱਬਧਤਾ ਅਤੇ ਉੱਚ ਕੀਮਤ ਨੂੰ ਪਛਾਣਦੇ ਹੋਏ, ਤਨਵੀਰ ਨੇ ਸਥਾਨਕ ਬਾਜ਼ਾਰ ਵਿੱਚ ਵਿਭਿੰਨਤਾ ਲਿਆਉਣ ਦੀ ਕੋਸ਼ਿਸ਼ ਕੀਤੀ।



ਇੱਕ ਮਾਮੂਲੀ ਸੰਗ੍ਰਹਿ ਦੇ ਨਾਲ ਸ਼ੁਰੂ ਕਰਦੇ ਹੋਏ, ਅੱਜ ਉਸ ਦੇ ਪੋਲੀਹਾਊਸ ਵਿੱਚ ਕਰੀਬ ਦੁਨੀਆਂ ਭਰ ਦੇ ਦੇਸ਼ਾਂ ਤੋਂ ਪ੍ਰਾਪਤ ਕੀਤੀਆਂ ਗਈਆਂ 500 ਤੋਂ ਵੱਧ ਕੈਕਟਸ ਅਤੇ ਸੁਕੂਲੈਂਟਸ ਦੀਆਂ ਪ੍ਰਜਾਤੀਆਂ ਦਾ ਸੰਗ੍ਰਹਿ ਹੈ। ਉਸ ਨੇ ਦੱਸਿਆ ਕਿ ਸ਼ੁਰੂਆਤ ਵਿੱਚ ਉਸ ਨੂੰ ਇਸ ਸੰਗ੍ਰਹਿ ਦੇ ਵਿਕਾਸ ਵਿੱਚ ਜਲਵਾਯੂ, ਮਿੱਟੀ ਦੀਆਂ ਸਥਿਤੀਆਂ ਅਤੇ ਮਾਰਕੀਟ ਦੀ ਅਣਜਾਣਤਾ ਆਦਿ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ। ਪਰ ਤਨਵੀਰ ਦੀ ਹਰ ਸਪੀਸੀਜ਼ ਦੀ ਡੂੰਘੀ ਸਮਝ ਨੇ ਉਸ ਨੂੰ ਸਥਾਨਕ ਸਥਿਤੀਆਂ ਵਿੱਚ ਸਫਲਤਾਪੂਰਵਕ ਪ੍ਰਚਾਰ ਕਰਨ ਦੀ ਇਜਾਜ਼ਤ ਦਿੱਤੀ, ਅਜਿਹਾ ਕੁਝ ਜੋ ਇਸ ਪੱਧਰ 'ਤੇ ਪਹਿਲਾਂ ਨਹੀਂ ਕੀਤਾ ਗਿਆ ਸੀ। ਖੂਬਸੂਰਤ ਐਸਟਰੋਫਾਈਟਮ ਤੋਂ ਲੈ ਕੇ ਅਸਾਧਾਰਨ ਈਚਵੇਰੀਆ ਤੱਕ, ਉਸਦੀ ਨਰਸਰੀ ਕੁਲੈਕਟਰਾਂ, ਸ਼ੌਕੀਨਾਂ ਅਤੇ ਬਾਗਬਾਨੀ ਦੇ ਸ਼ੌਕੀਨਾਂ ਲਈ ਇੱਕ ਪਨਾਹ ਬਣ ਗਈ ਹੈ। ਜਿਸ ਤੋਂ ਉਹ ਸਲਾਨਾ 12-15 ਲੱਖ ਰੁਪਏ ਦੀ ਆਮਦਨ ਹਾਸਲ ਕਰਕੇ ਆਪਣੇ ਆਪ ਨੂੰ ਆਤਮ ਨਿਰਭਰ ਬਣਾ ਕੇ ਦੂਜਿਆਂ ਲਈ ਚਾਨਣ ਦੇ ਮੁਨਾਰੇ ਦਾ ਕੰਮ ਕਰ ਰਿਹਾ ਹੈ।



# ਘਰੇਲੂ ਪੱਧਰ ਤੇ ਸਾਂਭੇ ਕਣਕ ਦੇ ਬੀਜ ਦੀ ਬਿਜਾਈ ਤੋਂ ਪਹਿਲਾਂ ਤਿਆਰੀ ਅਤੇ ਪਰਖ

**ਤਰਵਿੰਦਰ ਪਾਲ ਸਿੰਘ ਅਤੇ ਅਮਨਦੀਪ ਸਿੰਘ ਬਰਾੜ,**
**ਦਫਤਰ ਨਿਰਦੇਸ਼ਕ (ਬੀਜ), ਕ੍ਰਿਸ਼ੀ ਵਿਗਿਆਨ ਕੇਂਦਰ (ਮੋ. 98724-28072)**

ਬੀਜ ਕਿਸੇ ਵੀ ਫਸਲ ਦੀ ਬੁਨਿਆਦ ਹੁੰਦਾ ਹੈ । ਇਸ ਲਈ ਫਸਲ ਦੀ ਸਫਲਤਾ ਲਈ ਬੀਜ ਦਾ ਸ਼ੁੱਧ, ਸਾਫ ਅਤੇ ਨਰੋਆ ਹੋਣਾ ਬਹੁਤ ਜ਼ਰੂਰੀ ਹੈ । ਬਹੁਤ ਸਾਰੇ ਕਿਸਾਨ ਵੀਰਾਂ ਵੱਲੋਂ ਕਣਕ ਦਾ ਬੀਜ ਘਰੇਲੂ ਪੱਧਰ ਉੱਪਰ ਹੀ ਰੱਖਿਆ ਜਾਂਦਾ ਹੈ । ਇਸ ਬੀਜ ਨੂੰ ਬੀਜਣ ਤੋਂ ਪਹਿਲਾਂ ਇਸ ਦੀ ਸਾਫ-ਸਫਾਈ ਅਤੇ ਇਸ ਦੀ ਉੱਗਣ ਸ਼ਕਤੀ ਦੀ ਪਰਖ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਜੇਕਰ ਕਿਸੇ ਕਾਰਨ ਕਰਕੇ ਕਣਕ ਦੇ ਬੀਜ ਦੀ ਉੱਗਣ ਸ਼ਕਤੀ ਵਿਚ ਕਮੀ ਆਈ ਹੋਵੇ ਤਾਂ ਉਸ ਨਾਲ ਹੋਣ ਵਾਲੇ ਨੁਕਸਾਨ ਤੋਂ



ਬਚਿਆ ਜਾ ਸਕੇ ।

★ ਬੀਜ ਨੂੰ ਬੀਜਣ ਤੋਂ ਪਹਿਲਾਂ ਇਸ ਦੀ ਸਾਫ-ਸਫਾਈ ਅਤੇ ਇਸ ਦੀ ਉੱਗਣ ਸ਼ਕਤੀ ਦੀ ਪਰਖ ਕਰਨ ਲਈ ਇਹ ਸਮਾਂ ਢੁੱਕਵਾਂ ਹੈ । ਕਿਸਾਨਾਂ ਵੱਲੋਂ ਡਰੰਮਾਂ, ਢੋਲਾਂ ਜਾਂ ਬੋਰੀਆਂ ਵਿਚ ਸਾਂਭੇ ਬੀਜ ਨੂੰ ਬੀਜਣ ਤੋਂ ਪਹਿਲਾਂ ਬਾਹਰ ਕੱਢ ਕੇ ਸਾਫ ਕਰ ਲੈਣਾ ਬਹੁਤ ਜ਼ਰੂਰੀ ਹੈ ।

★ ਜੇਕਰ ਬੀਜ ਨੂੰ ਸਟੋਰ ਕਰਨ ਤੋਂ ਪਹਿਲਾਂ ਸਾਫ ਨਹੀਂ ਕੀਤਾ ਗਿਆ ਤਾਂ ਬਾਅਦ ਵਿਚ ਮੋਟੇ ਛਾਣਨੇ ਦੇ ਨਾਲ ਛਾਣ ਕੇ ਬੀਜ ਵਿੱਚੋਂ ਟੁੱਟੇ, ਬਰੀਕ ਦਾਣੇ ਅਤੇ ਨਦੀਨਾਂ ਦੇ ਬੀਜਾਂ ਨੂੰ ਵੱਖ ਕਰ ਲਵੋ ਅਤੇ ਕੇਵਲ ਮੋਟੇ ਸਾਫ ਦਾਣੇ ਹੀ ਬੀਜ ਲਈ ਵਰਤੋ ।

★ ਜੇਕਰ ਬੀਜ ਨੂੰ ਸੁਸਰੀ ਲੱਗੀ ਹੋਵੇ ਤਾਂ ਇਸ ਨੂੰ ਛਾਣ ਤੇ ਛੱਟ ਕੇ ਸਾਫ ਕਰ ਲਵੋ ਅਤੇ ਮੋਰੀਆਂ ਵਾਲੇ ਅਤੇ ਦਾਗੀ ਦਾਣੇ ਕੱਢ ਦਿਓ ।

★ ਬੀਜ ਨੂੰ ਸਾਫ ਕਰਨ ਉਪਰੰਤ ਇਸ ਦੀ ਉੱਗਣ ਸ਼ਕਤੀ ਦੀ ਪਰਖ ਘਰੇਲੂ ਪੱਧਰ ਤੇ ਕਰੋ ਤਾਂ ਜੋ ਇਸ ਦੀ ਉੱਗਣ ਸ਼ਕਤੀ ਦੀ ਪਤਾ ਲੱਗ ਸਕੇ । ਉੱਗਣ ਸ਼ਕਤੀ ਦੀ ਪਰਖ ਘਰੇਲੂ ਪੱਧਰ ਤੇ ਆਸਾਨ ਤਰੀਕੇ ਨਾਲ ਕੀਤੀ ਜਾ ਸਕਦੀ ਹੈ । ਇਸ ਲਈ ਦੋ ਸਾਫ ਸੁਥਰੀਆਂ ਜੂਟ ਦੀਆਂ ਬੋਰੀਆਂ ਨੂੰ ਤਾਜ਼ੇ ਸਾਫ ਪਾਣੀ ਨਾਲ ਗਿੱਲੀਆਂ ਕਰ ਲਵੋ । ਇਸ ਉਪਰੰਤ ਇਕ ਬੋਰੀ ਨੂੰ ਸਾਫ ਸੁਥਰੇ ਫਰਸ਼ ਜਾਂ ਤਰਪਾਲ ਉੱਪਰ ਛਾਂ ਵਾਲੀ ਥਾਂ ਤੇ ਰੱਖੋ । ਇਸ ਬੋਰੀ ਉੱਪਰ ਗਿਣ ਕੇ 100 ਜਾਂ 200 ਬੀਜ ਇਕੱਲੇ-ਇਕੱਲੇ ਕਰਕੇ ਰੱਖ ਦਿਓ ।

★ ਇਸ ਉਪਰੰਤ ਇਹਨਾਂ ਬੀਜਾਂ ਨੂੰ ਦੂਜੀ ਬੋਰੀ ਨਾਲ ਢੱਕ ਦਿਓ ਅਤੇ ਬਾਅਦ ਵਿਚ ਲੋੜ ਅਨੁਸਾਰ ਪਾਣੀ ਦਾ ਛਿੱਟਾ ਦੇ ਕੇ ਬੋਰੀਆਂ ਨੂੰ ਗਿੱਲੇ ਕਰਦੇ ਰਹੋ ।

★ 7-10 ਦਿਨਾਂ ਬਾਅਦ ਉੱਪਰਲੀ ਬੋਰੀ ਨੂੰ ਪਾਸੇ ਹਟਾ ਕੇ ਉੱਗੇ ਹੋਏ ਬੀਜਾਂ ਨੂੰ ਗਿਣ ਲਵੋ । ਕਣਕ ਦੀ ਫਸਲ ਵਿਚ ਉੱਗਣ ਸ਼ਕਤੀ 85 ਪ੍ਰਤੀਸ਼ਤ ਹੋਣੀ ਚਾਹੀਦੀ ਹੈ । ਇਸ ਲਈ ਜੇਕਰ ਉੱਗੇ ਹੋਏ ਬੀਜਾਂ ਦੀ ਗਿਣਤੀ 85 ਪ੍ਰਤੀਸ਼ਤ ਤੋਂ ਵੱਧ ਜਾਂ 85 ਦੇ ਨੇੜੇ-ਤੇੜੇ ਹੋਵੇ ਤਾਂ ਇਸ ਨੂੰ ਬੀਜ ਲਈ ਵਰਤਿਆ ਜਾ ਸਕਦਾ ਹੈ । ਜੇਕਰ ਕਿਸੇ ਕਾਰਨ ਕਰਕੇ ਉੱਗਣ ਸ਼ਕਤੀ ਘੱਟ ਆਉਂਦੀ ਹੈ ਤਾਂ ਇਸ ਦੀ ਦੁਬਾਰਾ ਇਕ ਵਾਰ ਪਰਖ ਲਵੋ ।

★ ਜੇਕਰ ਫਿਰ ਵੀ ਇਸਦੀ ਉੱਗਣ ਸ਼ਕਤੀ ਘੱਟ ਆਉਂਦੀ ਹੈ ਤਾਂ ਸਮੇਂ ਸਿਰ ਬੀਜ ਦਾ ਪ੍ਰਬੰਧ ਕਰ ਲੈਣਾ ਚਾਹੀਦਾ ਹੈ ।

KRISHAJ
ਜੜ੍ਹਾਂ ਨਾਲ ਜੁੜੀ - ਇੱਕ ਸੋਚ ਚੰਗੀ

# ਕ੍ਰਿਸ਼ੀ ਰਸਾਇਣ ਦਾ 'ਕੀ-ਸ਼ੀਲਡ' ਅਤੇ 'ਕੋਕਸੀ-55' ਸਫਲਤਾਪੂਰਵਕ ਲਾਂਚ

## ਕ੍ਰਿਸ਼ਜ ਸਾਰਥੀ ਸੰਮੇਲਨ 'ਚ ਸ਼ਾਨਦਾਰ ਪ੍ਰੋਗਰਾਮ ਦੌਰਾਨ ਦੋਵੇਂ ਨਵੇਂ ਉਤਪਾਦਾਂ ਨੂੰ ਲਾਂਚ ਕੀਤਾ ਗਿਆ

ਦੇਸ਼ ਦੀਆਂ ਪ੍ਰਮੁੱਖ ਖੇਤੀ ਰਸਾਇਣਕ ਕੰਪਨੀਆਂ ਵਿੱਚੋਂ ਇੱਕ ਕ੍ਰਿਸ਼ੀ ਰਸਾਇਣ ਐਕਸਪੋਰਟਸ ਪ੍ਰਾ. ਲਿਮਿਟਡ ਨੇ ਪਿਛਲੇ ਦਿਨੀਂ ਲਖਨਊ (ਉੱਤਰ ਪ੍ਰਦੇਸ਼) ਵਿੱਚ ਆਯੋਜਿਤ ਕ੍ਰਿਸ਼ਜ ਸਾਰਥੀ ਸੰਮੇਲਨ ਵਿੱਚ ਆਪਣੇ ਦੋ ਨਵੇਂ ਉਤਪਾਦਾਂ 'ਕੋਕਸੀ-55' ਅਤੇ 'ਕੀ-ਸ਼ੀਲਡ' ਲਾਂਚ ਕੀਤਾ । ਉੱਤਰ ਪ੍ਰਦੇਸ਼ ਦੇ 130 ਤੋਂ ਵੱਧ ਕ੍ਰਿਸ਼ਜ ਸਾਰਥੀਆਂ ਦੀ ਮੌਜੂਦਗੀ ਵਿੱਚ ਇਹ ਪ੍ਰੋਗਰਾਮ ਸੰਪੰਨ ਹੋਇਆ । ਕੰਪਨੀ ਦੇ ਮਾਰਕੀਟਿੰਗ ਹੈੱਡ ਸੰਜੇ ਸਿੰਘ ਨੇ ਨਵੇਂ ਉਤਪਾਦਾਂ ਕੋਕਸੀ-55 ਅਤੇ ਕੀ-ਸ਼ੀਲਡ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕੋਕਸੀ-55 ਨਵੀਂ ਤਕਨੀਕ ਨਾਲ ਬਣਿਆ ਉੱਲੀਨਾਸ਼ਕ ਅਤੇ ਬੈਕਟੀਰੀਆ-ਨਾਸ਼ਕ ਹੈ, ਜਦੋਂ ਕਿ ਕੀ-ਸ਼ੀਲਡ ਉੱਲੀ ਰੋਗਾਂ ਤੋਂ ਫ਼ਸਲਾਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ ।



ਉੱਥੇ ਹੀ, ਈਸ਼ਵਰ ਰੈਡੀ (ਪ੍ਰੈਜ਼ੀਡੈਂਟ ਸੇਲਜ਼ ਐਂਡ ਮਾਰਕੀਟਿੰਗ) ਨੇ ਕੰਪਨੀ ਦੀ ਜਾਣ-ਪਛਾਣ, ਉਦੇਸ਼ਾਂ ਅਤੇ ਆਗਾਮੀ ਟੀਚਿਆਂ ਬਾਰੇ ਚਰਚਾ ਕੀਤੀ । ਐਲਗਾ ਐਨਰਜੀ ਇੰਡੀਆ ਦੇ ਕੰਟਰੀ ਬਿਜ਼ਨਸ ਡਾਇਰੈਕਟਰ ਕਪਿਲ ਕੁਮਾਰ ਨੇ ਬਾਇਓ ਫਰਟੀਲਾਈਜ਼ਰ ਕੇ-ਮੈਕਸ ਐਨਰਜੀ ਅਤੇ ਕਾਜ਼ੂਕੀ ਐਨਰਜੀ ਦੀ ਵਰਤੋਂ ਅਤੇ ਫਾਇਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ । ਪ੍ਰੋਗਰਾਮ ਦੀ ਅਗਵਾਈ ਕਰ ਰਹੇ ਕੰਪਨੀ ਦੇ ਉੱਤਰੀ ਭਾਰਤ ਦੇ ਵਾਈਸ ਪ੍ਰੈਜ਼ੀਡੈਂਟ (ਮਾਰਕੀਟਿੰਗ) ਏ. ਬਿਸ਼ਵਾਸ ਨੇ ਆਏ ਹੋਏ ਕ੍ਰਿਸ਼ਜ ਸਾਰਥੀਆਂ ਦਾ ਸਵਾਗਤ ਕੀਤਾ ਅਤੇ ਵਪਾਰ ਵਿੱਚ ਪੂਰਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

---

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 43
ਮਿਤੀ 26-10-2024



ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**




# ਕੈਂਸਰ ਕ੍ਰਾਂਤੀ ਵਿੱਚ ਬਦਲਦੀ ਜਾ ਰਹੀ ਹੈ ਹਰੀ ਕ੍ਰਾਂਤੀ

**ਪੰਜਾਬ ਦੇ ਜ਼ਿਆਦਾਤਰ ਖੇਤਰ ਕੈਂਸਰ, ਚਮੜੀ ਦੇ ਰੋਗ, ਦਿਮਾਗੀ ਬਿਮਾਰੀਆਂ ਅਤੇ ਹੋਰ ਜਾਨਲੇਵਾ ਬਿਮਾਰੀਆਂ ਦੇ ਨਾਲ ਪੀੜਤ ਹਨ। ਇਨ੍ਹਾਂ ਤੋਂ ਇਲਾਵਾ ਔਰਤਾਂ-ਮਰਦਾਂ ਅੰਦਰ ਬਾਂਝਪਣ ਅਤੇ ਬੱਚਿਆਂ ਅੰਦਰ ਵਿਕਲਾਂਗਤਾ ਵੀ ਇਸੇ ਦੇ ਦੁਸ਼-ਪ੍ਰਭਾਵ ਹਨ। ਇਨ੍ਹਾਂ ਕੀਟਨਾਸ਼ਕਾਂ ਦਾ ਜ਼ਹਿਰ ਹੁਣ ਮਿੱਟੀ ਅਤੇ ਫਸਲਾਂ ਤੋਂ ਹੁੰਦਾ ਹੋਇਆ ਸਾਡੇ ਪਾਣੀ ਅਤੇ ਹਵਾ ਨੂੰ ਵੀ ਦੂਸ਼ਿਤ ਕਰ ਚੁੱਕਾ ਹੈ। ਮਾਲਵੇ ਦੇ ਜ਼ਿਆਦਾਤਰ ਖੇਤਰ ਹੁਣ ਪੰਛੀਆਂ ਅਤੇ ਜਾਨਵਰਾਂ ਤੋਂ ਵੀ ਸੱਖਣੇ ਹੁੰਦੇ ਜਾ ਰਹੇ ਹਨ ਅਤੇ ਕੈਂਸਰ ਦਾ ਗੜ੍ਹ ਬਣਦੇ ਜਾ ਰਹੇ ਹਨ। ਮਾਲਵੇ ਦੇ ਇਹ ਖੇਤਰ ਹਰੀ ਕ੍ਰਾਂਤੀ ਦੇ ਨਾਂਅ ਥੱਲ੍ਹੇ ਮਨੁੱਖੀ ਜਾਨਾਂ ਨਾਲ ਹੋਏ ਖਿਲਵਾੜ ਦਾ ਸਾਫ-ਸਾਫ ਨਮੂਨਾ ਹਨ।**

ਹਰ ਦੇਸ਼ ਦੀ ਅਰਥ-ਵਿਵਸਥਾ ਦੇ ਤਿੰਨ ਮਹੱਤਵਪੂਰਨ ਖੇਤਰ ਹੁੰਦੇ ਹਨ। ਸਨਅਤ ਖੇਤੀਬਾੜੀ ਅਤੇ ਇਨ੍ਹਾਂ ਨਾਲ ਜੁੜੀਆਂ ਸੇਵਾਂਵਾਂ। ਭਾਰਤ ਵਿਚ 18ਵੀਂ ਸਦੀ ਤੱਕ ਖੇਤੀ ਰਵਾਇਤੀ ਤਰੀਕਿਆਂ ਨਾਲ ਹੁੰਦੀ ਆ ਰਹੀ ਸੀ, ਜਿਸ ਕਾਰਨ ਦੇਸ਼ ਦੀ ਤਰੱਕੀ ਵਿਚ ਖੇਤੀ ਤੋਂ ਹੋਣ ਵਾਲੀ ਕਮਾਈ ਦਾ ਕੋਈ ਬਹੁਤ ਵੱਡਾ ਯੋਗਦਾਨ ਨਹੀਂ ਸੀ ਹੁੰਦਾ। ਭਾਰਤ ਵਿਚ 60-70 ਫੀਸਦੀ ਆਬਾਦੀ ਖੇਤੀ ਨਾਲ ਜੁੜੀ ਹੋਈ ਸੀ। ਦੁਨੀਆ ਦੇ ਬਾਕੀ ਦੇਸ਼ਾਂ ਦੀ ਤਰ੍ਹਾਂ ਭਾਰਤ ਵਿਚ ਵੀ ਆਬਾਦੀ ਬਹੁਤ ਤੇਜ਼ੀ ਨਾਲ ਵਧ ਰਹੀ ਸੀ। ਜਿਸ ਨਾਲ ਪੂਰੇ ਦੇਸ਼ ਵਿਚ ਅਨਾਜ ਦੀ ਕਮੀ ਆ ਰਹੀ ਸੀ। ਭਾਰਤ ਨੂੰ ਕਣਕ ਅਤੇ ਚੌਲ ਦਰਾਮਦ ਕਰਨੇ ਪੈਂਦੇ ਸਨ। ਇਸ ਨਾਲ ਖੇਤੀ ਤੋਂ ਹੋਣ ਵਾਲੀ ਕਮਾਈ ਵੀ ਕੋਈ ਜ਼ਿਆਦਾ ਨਹੀਂ ਸੀ। 1964-65 ਅਤੇ 1965-66 ਵਿਚ ਭਾਰਤ ਨੂੰ ਸੋਕੇ ਦਾ ਸਾਹਮਣਾ ਕਰਨਾ ਪਿਆ। 1966 ਵਿਚ ਭਾਰਤ ਦੀ ਉਸ ਵੇਲੇ ਦੀ ਸਰਕਾਰ ਨੇ ਭਾਰਤ ਵਿਚ ਹਰੀ ਕ੍ਰਾਂਤੀ ਨੂੰ ਅਜ਼ਮਾਉਣ ਦੇ ਨਿਰਦੇਸ਼ ਦਿੱਤੇ। ਪੰਜਾਬ ਦੀ ਜ਼ਮੀਨ ਉਪਜਾਊ ਹੋਣ ਕਾਰਨ ਪੰਜਾਬ ਵਿਚ ਇਸਨੂੰ ਅਜ਼ਮਾਉਣ ਦਾ ਫੈਸਲਾ ਹੋਇਆ। ਹਰੀ ਕ੍ਰਾਂਤੀ ਇਕ ਯੋਜਨਾਬੱਧ ਤਰੀਕੇ ਨਾਲ ਖੇਤੀ ਵਿਚ ਕੀਤੇ ਸੁਧਾਰਾਂ ਦੀ ਲੜੀ ਸੀ, ਜਿਸ ਨਾਲ ਫਸਲਾਂ ਦੀ ਪੈਦਾਵਾਰ ਵਧ ਸਕੇ। ਸਭ ਤੋਂ ਪਹਿਲਾਂ ਇੱਥੇ ਹਾਈਬ੍ਰਿਡ ਭਾਵ ਵੱਧ ਝਾੜ ਦੇਣ ਵਾਲੇ ਬੀਜਾਂ ਦੀ ਵਰਤੋਂ ਹੋਣ ਲੱਗੀ। ਕਣਕ ਅਤੇ ਝੋਨੇ ਦੀਆਂ ਨੀਵੇਂ ਜਾਂ ਮਧਰੇ ਕੱਦ ਵਾਲੀਆਂ ਫਸਲਾਂ ਦੀ ਖੇਤੀ ਕੀਤੀ ਗਈ। ਸੁਚੱਜੇ ਢੰਗ ਨਾਲ ਪਾਣੀ ਪਹੁੰਚਾਉਣ ਦੇ ਪ੍ਰਬੰਧ ਕੀਤੇ ਗਏ। ਟਿਊਬਵੈੱਲਾਂ ਦੇ ਕੁਨੈਕਸ਼ਨ ਅਤੇ ਹੋਰ ਸਿੰਚਾਈ ਦੇ ਸਾਧਨਾਂ ਦੀ ਪੈਦਾਵਾਰ ਵਧਾਈ ਗਈ। ਫਸਲਾਂ ਨੂੰ ਕੀੜੇ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਕੀਟਨਾਸ਼ਕ ਅਤੇ ਨਵੀਂ ਕਿਸਮ ਦੀਆਂ ਖਾਦਾਂ ਮੁਹੱਈਆ ਕਰਵਾਈਆਂ ਜਾਣ ਲੱਗੀਆਂ। ਛੋਟੇ ਕਿਸਾਨਾਂ ਨੂੰ ਘੱਟ ਵਿਆਜ ਦਰਾਂ 'ਤੇ ਕਰਜ਼ਾ ਮੁਹੱਈਆ ਕਰਵਾਇਆ ਜਾਣ ਲੱਗਾ, ਤਾਂ ਜੋ ਕਿਸਾਨ ਆਸਾਨੀ ਨਾਲ ਇਨ੍ਹਾਂ ਯੋਜਨਾਵਾਂ ਨੂੰ ਆਪਣੇ ਖੇਤਾਂ ਅੰਦਰ



ਅਜ਼ਮਾ ਸਕਣ। ਫਸਲਾਂ ਨੂੰ ਬੀਜਣ ਅਤੇ ਕੱਟਣ ਲਈ ਆਧੁਨਿਕ ਮਸ਼ੀਨਾਂ ਅਤੇ ਔਜ਼ਾਰਾਂ ਨੂੰ ਵੀ ਵਧਾਇਆ ਗਿਆ ਅਤੇ ਉਨ੍ਹਾਂ ਦੀ ਪਹੁੰਚ ਕਿਸਾਨਾਂ ਤੱਕ ਆਸਾਨੀ ਨਾਲ ਕੀਤੀ ਗਈ। ਹਰੀ ਕ੍ਰਾਂਤੀ ਦੀਆਂ ਯੋਜਨਾਵਾਂ ਸ਼ੁਰੂ ਹੋਣ ਦਾ ਸਿੱਟਾ ਇਹ ਨਿਕਲਿਆ ਕਿ 1970 ਦੇ ਆਉਂਦੇ-ਆਉਂਦੇ ਦੇਸ਼ ਦੇ ਕੁੱਲ ਅਨਾਜ ਦਾ 70% ਹਿੱਸਾ ਪੰਜਾਬ ਤੋਂ ਜਾ ਰਿਹਾ ਸੀ। ਅਨਾਜ ਵਿਚ ਹਿੱਸਾ ਵਧਣ ਨਾਲ ਇੱਥੋਂ ਦੇ ਕਿਸਾਨਾਂ ਦੀ ਆਮਦਨ ਵੀ ਵਧਣ ਲੱਗੀ ਅਤੇ ਹਰੀ ਕ੍ਰਾਂਤੀ ਨੇ ਇੱਕ ਮਿਸਾਲ ਪੈਦਾ ਕੀਤੀ। ਆਉਣ ਵਾਲੇ ਕੁਝ ਸਾਲਾਂ ਵਿਚ ਹੀ ਭਾਰਤ ਭੁੱਖਮਰੀ ਤੋਂ ਬਾਹਰ ਆ ਗਿਆ ਅਤੇ ਅਨਾਜ ਦੂਸਰੇ ਦੇਸ਼ਾਂ ਨੂੰ ਭੇਜਨ ਯੋਗ ਵੀ ਬਣ ਗਿਆ। ਭਾਰਤ ਵਿਚ ਹਰੀ ਕ੍ਰਾਂਤੀ ਵਰਦਾਨ ਦੀ ਤਰ੍ਹਾਂ ਸਾਬਿਤ ਹੋਈ ਪਰ ਸਮਾਂ ਬੀਤਨ ਨਾਲ ਪੰਜਾਬ ਦੇ ਭਵਿੱਖ ਲਈ ਇਹ ਸਰਾਪ ਬਣ ਗਈ। ਇਸ ਨੇ ਪੰਜਾਬ ਦੇ ਛੋਟੇ ਕਿਸਾਨਾਂ ਦੇ ਜੀਵਨ ਨੂੰ ਮੁਸ਼ਕਿਲਾਂ ਨਾਲ ਭਰ ਦਿੱਤਾ। ਜ਼ਿਆਦਾ ਝਾੜ ਵਾਲੇ ਬੀਜ, ਫਸਲਾਂ ਦੀ ਪਨੀਰੀ, ਨਵੀਆਂ ਸਿੰਚਾਈ ਤਕਨੀਕਾਂ ਅਤੇ ਔਜ਼ਾਰਾਂ, ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ, ਇਨ੍ਹਾਂ ਸਭ ਚੀਜ਼ਾਂ ਨੂੰ ਖਰੀਦਣ ਲਈ ਛੋਟੇ ਕਿਸਾਨਾਂ ਨੂੰ ਕਰਜ਼ੇ ਲੈਣੇ ਪਏ। ਸਰਕਾਰੀ ਬੈਂਕਾਂ ਤੋਂ ਬਾਅਦ ਨਿੱਜੀ ਬੈਂਕ ਵੀ ਕਿਸਾਨਾਂ ਨੂੰ ਕਰਜ਼ੇ ਦੇਣ ਲੱਗ ਪਏ, ਪਰ, ਵਿਆਜ ਦਰ ਬਹੁਤ ਜ਼ਿਆਦਾ ਹੁੰਦੀ ਸੀ, ਜੋ ਕਿ ਜ਼ਿਆਦਾਤਰ ਘੱਟ ਪੜ੍ਹੇ-ਲਿਖੇ ਕਿਸਾਨ ਸਮਝ ਨਾ ਸਕੇ ਅਤੇ ਇਕ ਤੋਂ ਇਕ ਬਾਅਦ ਦੂਸਰੇ ਕਰਜ਼ੇ ਵਿਚ ਫਸਲ ਲੱਗੇ। ਬੀ.ਟੀ. ਕਪਾਹ ਦੇ ਬੀਜ ਵੇਚਣ ਵਾਲਿਆਂ ਦਾ ਦਾਅਵਾ ਸੀ ਕਿ ਫਸਲ ਦੀ ਕਾਸ਼ਤ ਲਈ ਕੀਟਨਾਸ਼ਕ ਦੀ ਲੋੜ ਨਹੀਂ ਰਹੇਗੀ। ਪਰ ਇਸ ਤਰ੍ਹਾਂ ਨਾ ਹੋਇਆ ਅਤੇ ਮਹਿੰਗੇ ਕੀਟਨਾਸ਼ਕ ਦਾ ਛਿੜਕਾਅ ਬੀ.ਟੀ. ਕਪਾਹ ਦੀ ਫਸਲ 'ਤੇ ਵੀ ਵਧਦਾ ਗਿਆ। ਨਤੀਜਾ ਇਹ ਨਿਕਲਿਆ ਕਿ ਬਹੁਤ ਸਾਰੇ ਕਿਸਾਨ ਕਰਜ਼ਾ ਨਾ ਮੋੜ ਸਕੇ ਅਤੇ ਖੁਦਕੁਸ਼ੀਆਂ ਦੇ ਰਾਹ ਵੱਲ ਤੁਰ ਪਏ।

ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਸਿਲਸਿਲਾ ਇਸੇ ਦੌਰ ਵਿਚ ਸ਼ੁਰੂ ਹੋਇਆ ਸੀ। ਕਿਸਾਨਾਂ ਤੋਂ ਇਲਾਵਾ ਹਰੀ ਕ੍ਰਾਂਤੀ ਦਾ ਮਾੜਾ ਪ੍ਰਭਾਵ ਵਾਤਾਵਰਨ ਅਤੇ ਆਮ ਲੋਕਾਂ ਨੂੰ ਵੀ ਸਹਿਣਾ ਪਿਆ। ਹਰੀ ਕ੍ਰਾਂਤੀ ਅੰਦਰ ਤੇਜ਼ੀ ਨਾਲ ਵਧਾਈ ਗਈ ਫਸਲਾਂ ਦੀ ਪੈਦਾਵਾਰ ਅਤੇ ਖਾਸ ਕਰਕੇ ਝੋਨੇ ਦੀ ਖੇਤੀ ਨੇ ਜ਼ਮੀਨ ਪਾਣੀ ਦੇ ਪੱਧਰ ਨੂੰ ਚਿੰਤਾਜਨਕ ਹੱਦ ਤੱਕ ਘਟਾ ਦਿੱਤਾ।

ਨਵੀਂ ਕਿਸਮ ਦੀਆਂ ਫਸਲਾਂ ਉੱਪਰ ਹੁੰਦੀਆਂ ਕੀਟਨਾਸ਼ਕਾਂ ਅਤੇ ਖਾਦਾਂ ਦੀਆਂ ਸਪਰੇਆਂ ਨੇ ਜ਼ਮੀਨ 'ਤੇ ਵੀ ਬਹੁਤ ਮਾੜਾ ਅਸਰ ਪਾਇਆ, ਨਾਲ ਹੀ ਇਨ੍ਹਾਂ ਨੇ ਫਸਲਾਂ ਦੇ ਪੌਸ਼ਕ ਤੱਤਾਂ ਨੂੰ ਵੀ ਖਤਮ ਕਰ ਦਿੱਤਾ। ਹੌਲੀ-ਹੌਲੀ ਇਹ ਕੀਟਨਾਸ਼ਕ ਅਤੇ ਖਾਦਾਂ ਬਿਮਾਰੀਆਂ ਦਾ ਕਾਰਨ ਬਣਨ ਲੱਗੇ। ਪਰ ਜ਼ਿਆਦਾ ਪੈਦਾਵਾਰ ਅਤੇ ਮੁਨਾਫੇ ਦੇ ਆਦੀ ਕਿਸਾਨਾਂ ਨੇ ਇਨ੍ਹਾਂ ਦਾ ਪ੍ਰਯੋਗ ਉਸੇ ਤਰ੍ਹਾਂ ਜਾਰੀ ਰੱਖਿਆ ਅਤੇ ਅੱਜ ਹਰੀ ਕ੍ਰਾਂਤੀ ਦੇ ਸ਼ੁਰੂ ਹੋਣ ਤੋਂ 58 ਸਾਲ ਬਾਅਦ ਵੀ ਇਹ ਸਾਰਾ ਕੁਝ ਉਸੇ ਤਰ੍ਹਾਂ ਚੱਲ ਰਿਹਾ ਹੈ। ਪੰਜਾਬ ਦੇ ਜ਼ਿਆਦਾਤਰ ਖੇਤਰ ਕੈਂਸਰ, ਚਮੜੀ ਦੇ ਰੋਗ, ਦਿਮਾਗੀ ਬਿਮਾਰੀਆਂ ਅਤੇ ਹੋਰ ਜਾਨਲੇਵਾ ਬਿਮਾਰੀਆਂ ਦੇ ਨਾਲ ਪੀੜਤ ਹਨ। ਇਨ੍ਹਾਂ ਤੋਂ ਇਲਾਵਾ ਔਰਤਾਂ-ਮਰਦਾਂ ਅੰਦਰ ਬਾਂਝਪਣ ਅਤੇ ਬੱਚਿਆਂ ਅੰਦਰ ਵਿਕਲਾਂਗਤਾ ਵੀ ਇਸੇ ਦੇ ਦੁਸ਼-ਪ੍ਰਭਾਵ ਹਨ। ਇਨ੍ਹਾਂ ਕੀਟਨਾਸ਼ਕਾਂ ਦਾ ਜ਼ਹਿਰ ਹੁਣ ਮਿੱਟੀ ਅਤੇ ਫਸਲਾਂ ਤੋਂ ਹੁੰਦਾ ਹੋਇਆ ਸਾਡੇ ਪਾਣੀ ਅਤੇ ਹਵਾ ਨੂੰ ਵੀ ਦੂਸ਼ਿਤ ਕਰ ਚੁੱਕਾ ਹੈ। ਮਾਲਵੇ ਦੇ ਜ਼ਿਆਦਾਤਰ ਖੇਤਰ ਹੁਣ ਪੰਛੀਆਂ ਅਤੇ ਜਾਨਵਰਾਂ ਤੋਂ ਵੀ ਸੱਖਣੇ ਹੁੰਦੇ ਜਾ ਰਹੇ ਹਨ ਅਤੇ ਕੈਂਸਰ ਦਾ ਗੜ੍ਹ ਬਣਦੇ ਜਾ ਰਹੇ ਹਨ। ਮਾਲਵੇ ਦੇ ਇਹ ਖੇਤਰ ਹਰੀ ਕ੍ਰਾਂਤੀ ਦੇ ਨਾਂਅ ਥੱਲ੍ਹੇ ਮਨੁੱਖੀ ਜਾਨਾਂ ਨਾਲ ਹੋਏ ਖਿਲਵਾੜ ਦਾ ਸਾਫ-ਸਾਫ ਨਮੂਨਾ ਹਨ। ਅਖੀਰ ਵਿਚ ਇਹੀ ਕਹਾਂਗੇ ਕਿ ਹਰੀ ਕ੍ਰਾਂਤੀ ਨੇ ਦੇਸ਼ ਦਾ ਢਿੱਡ ਭਰਨ ਅਤੇ ਇੱਕ ਨਵੀਂ ਅਰਥ-ਵਿਵਸਥਾ ਖੜ੍ਹੀ ਕਰਨ ਦਾ ਕੰਮ ਤਾਂ ਬਹੁਤ ਵਧੀਆ ਕੀਤਾ ਪਰ ਇਸਦੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਸਮੇਂ ਸਿਰ ਕਾਬੂ ਕਰਨ ਦੀ ਸਖਤ ਲੋੜ ਸੀ ਤਾਂ ਜੋ ਹਵਾ, ਪਾਣੀ, ਮਿੱਟੀ ਅਤੇ ਇੱਥੋਂ ਦੇ ਲੋਕਾਂ ਦੀ ਸਿਹਤ ਨਾਲ ਹੋਰ ਖਿਲਵਾੜ ਨਾ ਹੁੰਦਾ ਪਰ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਦੇਸ਼ ਦੀਆਂ ਸਰਕਾਰਾਂ ਨੂੰ ਬਾਕੀ ਮਸਲਿਆਂ ਵਾਂਗ ਇਸ ਮਸਲੇ 'ਤੇ ਵੀ ਗੰਭੀਰਤਾ ਦਿਖਾਉਣੀ ਚਾਹੀਦੀ ਹੈ, ਤਾਂ ਜੋ ਰੰਗਲਾ ਪੰਜਾਬ ਮੁੜ ਹੋਂਦ ਵਿਚ ਆ ਸਕੇ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਇਹ ਹਰੀ ਕ੍ਰਾਂਤੀ ਪੰਜਾਬ ਲਈ ਹੁਣ ਕੈਂਸਰ ਕ੍ਰਾਂਤੀ ਸਾਬਤ ਹੋ ਰਹੀ ਹੈ, ਜਿਸ ਦਾ ਸੰਤਾਪ ਪੰਜਾਬ ਅਜੇ ਹੋਰ ਪਤਾ ਨਹੀਂ ਕਿੰਨੇ ਸਾਲ ਤੱਕ ਭੁਗਤੇਗਾ।

**ਇੰਦਰਜੀਤ ਸਿੰਘ ਗੁਰਮ, ਲੁਧਿਆਣਾ**



# ਕੱਤਕ ਮਹੀਨੇ ਹਾੜੀ ਦੀਆਂ ਫਸਲਾਂ ਦੀ ਪੂਰੀ ਕਰੋ ਬਿਜਾਈ

ਕੱਤਕ ਦਾ ਮਹੀਨਾ ਕਿਸਾਨਾਂ ਲਈ ਸਭ ਤੋਂ ਵੱਧ ਰੁਝੇਵਿਆਂ ਭਰਿਆ ਹੁੰਦਾ ਹੈ । ਜਿੱਥੇ ਉਨ੍ਹਾਂ ਸਾਉਣੀ ਦੀਆਂ ਫਸਲਾਂ ਦੀ ਸੰਭਾਲ ਕਰਨੀ ਹੁੰਦੀ ਹੈ ਉੱਥੇ ਹਾੜੀ ਦੀਆਂ ਸਾਰੀਆਂ ਫਸਲਾਂ ਦੀ ਬਿਜਾਈ ਵੀ ਇਸੇ



ਡਾ. ਰਣਜੀਤ ਸਿੰਘ

ਮਹੀਨੇ ਪੂਰੀ ਕਰਨੀ ਹੁੰਦੀ ਹੈ । ਖੇਤੀ ਦੇ ਮਸ਼ੀਨੀਕਰਨ ਹੋਣ ਨਾਲ ਇਹ ਕਾਰਜ ਕੁਝ ਸੌਖਾ ਹੋ ਗਿਆ ਹੈ ਪਰ ਫਿਰ ਵੀ ਕੰਮਕਾਰ ਦੀ ਵਿਉਂਤ ਇਸ ਢੰਗ ਨਾਲ ਬਣਾਈ ਜਾਵੇ ਕਿ ਸਾਰੇ ਕਾਰਜ ਸਮੇਂ ਪੂਰੇ ਹੋ ਸਕਣ । ਹਮੇਸ਼ਾਂ ਸੂਬੇ ਵਿਚ ਕਾਸ਼ਤ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਹੀ ਬਿਜਾਈ ਕਰਨੀ ਚਾਹੀਦੀ ਹੈ । ਬੀਜ ਕਿਸੇ ਭਰੋਸੇਯੋਗ ਵਸੀਲੇ ਤੋਂ ਜਾਂ ਸੰਭਾਲ ਕੇ ਰੱਖੇ ਘਰ ਦੇ ਬੀਜ ਦੀ ਵਰਤੋਂ ਕਰੋ । ਬੀਜ ਰੋਗ ਰਹਿਤ ਅਤੇ ਸਿਹਤਮੰਦ ਹੋਣ ਚਾਹੀਦਾ ਹੈ । ਸਿਆਣੇ ਆਖਦੇ ਹਨ ।

ਮੋਟੇ ਦਾਣੇ ਤੇ ਸਾਬਤ ਨੱਕੇ ।
ਨਾਲੀ ਰਾਹ ਜੋ ਚੰਗੀ ਪੱਕੇ ।

ਜੇਕਰ ਹੋ ਸਕੇ ਤਾਂ ਨਦੀਨਾਂ ਦੀ ਰੋਕਥਾਮ ਗੋਡੀ ਨਾਲ ਕਰੋ ਜਾਂ ਫਿਰ ਸਿਫਾਰਸ਼ ਕੀਤੇ ਨਦੀਨਨਾਸ਼ਕਾਂ ਦੀ ਦੱਸੀ ਮਾਤਰਾ ਅਨੁਸਾਰ ਵਰਤੋਂ ਕਰੋ । ਸਮੇਂ ਸਿਰ ਪਾਣੀ ਲਾਉਣਾ ਵੀ ਜ਼ਰੂਰੀ ਹੈ । ਜੇਕਰ ਕਿਸੇ ਬਿਮਾਰੀ ਜਾਂ ਕੀੜੇ ਦਾ ਹਮਲਾ ਹੋਵੇ ਤਾਂ ਜ਼ਹਿਰਾਂ ਦੀਦ ਵਰਤੋਂ ਮਾਹਿਰਾਂ ਨੂੰ ਪੁੱਛ ਕੇ ਕਰੋ । ਦੁਕਾਨਦਾਰਾਂ ਦੀ ਸਲਾਹ ਅਨੁਸਾਰ ਇਨ੍ਹਾਂ ਦੀ ਵਰਤੋਂ ਨਾ ਕਰੋ ।

ਕਣਕ ਹਾੜੀ ਦੀ ਮੁੱਖ ਫਸਲ ਹੈ । ਦੂਜੀਆਂ ਸਾਰੀਆਂ ਫਸਲਾਂ ਦੇ ਮੁਕਾਬਲੇ ਕਣਕ ਹੇਠ ਸਭ ਤੋਂ ਵੱਧ ਰਕਬਾ ਹੈ । ਅਸਲ ਵਿਚ ਕਣਕ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ । ਹਾੜੀ ਕਾਸ਼ਤ ਹੇਠ ਕੁਲ ਰਕਬੇ ਵਿੱਚੋਂ ਲਗਭਗ 80 ਪ੍ਰਤੀਸ਼ਤ ਰਕਬੇ ਵਿਚ ਕਣਕ ਦੀ ਖੇਤੀ ਕੀਤੀ ਜਾਂਦੀ ਹੈ । ਪੰਜਾਬ ਵਿਚ ਕਣਕ ਦੀ ਖੇਤੀ ਕੋਈ 35 ਲੱਖ ਹੈਕਟੇਅਰ ਵਿਚ ਹੁੰਦੀ ਹੈ ਤੇ ਇਸ ਦੀ ਉਪਜ ਕੋਈ 180 ਲੱਖ ਟਨ ਹੁੰਦੀ ਹੈ । ਅਜਿਹਾ ਵੱਧ ਝਾੜ ਦੇਣ ਵਾਲੀਆਂ ਮਧਰੀਆਂ ਕਿਸਮਾਂ ਅਤੇ ਸਿੰਚਾਈ ਸਹੂਲਤਾਂ ਵਿਚ ਵਾਧੇ ਕਰਕੇ ਹੋਇਆ ਹੈ । ਕਣਕ ਪੰਜਾਬੀਆਂ ਦਾ ਮੁੱਖ ਭੋਜਨ ਹੈ ਪਰ ਫਿਰ ਵੀ ਕੇਂਦਰੀ ਅੰਨ ਭੰਡਾਰ ਵਿਚ 60 ਪ੍ਰਤੀਸ਼ਤ ਹਿੱਸਾ ਪੰਜਾਬ ਦਾ ਹੁੰਦਾ ਹੈ । ਜਦੋਂ ਸਿੰਚਾਈ ਸਹੂਲਤਾਂ ਘਟ ਸਨ ਉਦੋਂ ਕਣਕ ਦੀ ਖੇਤੀ ਬਹੁਤ ਘਟ ਰਕਬੇ ਵਿਚ ਹੁੰਦੀ ਸੀ । ਬਿਰਾਨੀ ਖੇਤੀ ਵਿਚ ਛੋਲੇ, ਜੌਂ, ਸਰ੍ਹੋਂ ਆਦਿ ਦੀ ਬਿਜਾਈ ਕੀਤੀ ਜਾਂਦੀ ਸੀ । ਇਸ ਕਰਕੇ ਗਰੀਬ ਲੋਕਾਂ ਨੂੰ ਨਿਰੋਲ ਕਣਕ ਵਿਚ ਛੋਲੇ ਰਲਾ ਕੇ ਹੀ ਰੋਟੀ ਬਣਾਈ ਜਾਂਦੀ ਸੀ ਜਾਂ ਫਿਰ ਮੱਕੀ ਦੀ ਰੋਟੀ ਖਾਧੀ ਜਾਂਦੀ ਸੀ । ਗਰੀਬ ਲੋਕ ਜਦੋਂ ਕਣਕ ਦੇ ਸੋਨ ਸੁਨਹਿਰੇ ਖੇਤ ਨੂੰ ਵੇਖਦੇ ਸਨ ਤਾਂ ਉਨ੍ਹਾਂ ਦੇ ਮੂੰਹੋਂ ਇਹ ਸ਼ਬਦ ਨਿਕਲ ਜਾਂਦੇ ਸਨ :

ਬਲੀਏ ਕਣਕ ਦੀਏ ਤੈਨੂੰ ਖਾਣਗੇ ਨਸੀਬਾਂ ਵਾਲੇ ।

ਪੰਜਾਬ ਦੇ ਕਿਸਾਨਾਂ ਨੇ ਮਿਹਨਤ ਕੀਤੀ ਤੇ ਵਿਗਿਆਨੀਆਂ ਨੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਜਿਸ ਨਾਲ ਦੇਸ਼ ਵਿਚ ਕਣਕ ਦੇ ਅੰਬਾਰ ਲਗ ਗਏ । ਦੇਸ਼ ਵਿਚੋਂ ਕੇਵਲ ਭੁੱਖਮਰੀ ਹੀ ਦੂਰ ਨਹੀਂ ਹੋਈ ਸਗੋਂ ਦੇਸ਼ ਕਣਕ ਨੂੰ ਵਿਦੇਸ਼ਾਂ ਵਿਚ ਵੇਚਣ ਦੇ ਵੀ ਕਾਬਿਲ ਹੋ ਗਿਆ । ਕਣਕ ਦੀ ਬਿਜਾਈ ਦਾ ਹੁਣ ਢੁੱਕਵਾਂ ਸਮਾਂ ਆ ਗਿਆ ਹੈ । ਕਤਕ ਮਹੀਨੇ ਨੂੰ ਕਣਕ ਦੀ ਬਿਜਾਈ ਲਈ ਉੱਤਮ ਮੰਨਿਆ ਗਿਆ ਹੈ । ਇਕ ਲੋਕ ਅਖਾਣ ਹੈ :

ਸਾਵਣ ਵਹੇ, ਕੱਤੇ ਰਹੇ
ਪੋਹ ਪਲਾਏ, ਘਾਟਾ ਕਦੇ ਨਾ ਪਾਏ ।

ਝੋਨੇ ਤੋਂ ਜਿਹੜੇ ਖੇਤ ਵਿਹਲੇ ਹੋ ਰਹੇ ਹਨ ਉੱਥੇ ਕਣਕ ਦੀ ਬਿਜਾਈ ਸ਼ੁਰੂ ਕਰ ਦੇਣੀ ਚਾਹੀਦੀ ਹੈ । ਜੇਕਰ ਖੇਤ ਵਿਚ ਪੂਰਾ ਵਤਰ ਹੈ ਅਤੇ ਨਦੀਨਾਂ ਦੀ ਸਮੱਸਿਆ ਨਹੀਂ ਹੈ ਤਾਂ ਕਣਕ ਦੀ ਬਿਜਾਈ ਬਿਨਾਂ ਖੇਤ ਦੀ ਵਾਹੀ ਕੀਤਿਆਂ ਜ਼ੀਰੋਟਿਲ ਡ੍ਰਿਲ ਨਾਲ ਕੀਤੀ ਜਾ ਸਕਦੀ ਹੈ । ਪੰਜਾਬ ਵਿਚ ਕਾਸ਼ਤ ਲਈ ਪੀ ਬੀ ਡਬਲਯੂ-677, ਐਚ ਡੀ 3086, ਪੀ ਬੀ ਡਬਲਯੂ-826 ਅਤੇ ਪੀ ਬੀ ਡਬਲਯੂ-869 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ । ਪੀ ਬੀ ਡਬਲਯੂ-826 ਦਾ ਝਾੜ ਕੋਈ 24 ਕੁਇੰਟਲ ਪ੍ਰਤੀ ਏਕੜ ਹੈ । ਜ਼ਿੰਕ ਦੀ ਵਧੇਰੇ ਮਾਤਰਾ ਵਾਲੀ ਇਕ ਕਿਸਮ ਪੀ ਬੀ ਡਬਲਯੂ ਜ਼ਿੰਕ-2 ਹੈ ਦੀ ਸਿਫਾਰਿਸ਼ ਕੀਤੀ ਗਈ ਹੈ । ਡਬਲਯੂ ਐਚ ਡੀ-943, ਪੀ ਬੀ ਡਬਲਯੂ-291 ਵਡਾਣਕ ਕਣਕ ਦੀਆਂ ਕਿਸਮਾਂ ਹਨ । ਮੌਸਮ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਵੇਖਦਿਆਂ ਹੋਇਆਂ ਸਾਰੇ ਰਕਬੇ ਵਿਚ ਇਕ ਕਿਸਮ ਨਾ ਬੀਜੀ ਜਾਵੇ ਸਗੋਂ ਦੋ ਜਾਂ ਤਿੰਨ ਕਿਸਮਾਂ ਬੀਜਣੀਆਂ ਚਾਹੀਦੀਆਂ ਹਨ ।

ਝੋਨੇ ਦੀ ਵਾਢੀ ਪਿਛੋਂ ਪਰਾਲੀ ਨੂੰ ਅੱਗ ਲਾਉਣਾ ਕਾਨੂੰਨੀ ਜੁਰਮ ਹੈ । ਇਸ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਅਤੇ ਧਰਤੀ ਦੀ ਸਿਹਤ ਖਰਾਬ ਹੁੰਦੀ ਹੈ । ਜੇਕਰ ਕਣਕ ਵੀ ਵਾਢੀ ਕੰਬਾਈਨ ਨਾਲ ਕੀਤੀ ਹੈ ਅਤੇ ਖੇਤ ਵਿਚ ਠੀਕ ਨਮੀਂ ਹੈ ਤਾਂ ਹੈਪੀ ਸੀਡਰ ਨਾਲ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ । ਖੇਤ ਵਿਚ ਖੜੀ ਪਰਾਲੀ ਕਟਣ ਵਾਲੀ ਮਸ਼ੀਨ ਨਾਲ ਕੱਟ ਕੇ ਖੇਤ ਵਿਚ ਖਿਲਾਰਿਆ ਜਾ ਸਕਦਾ ਹੈ । ਮੁੜ ਖੇਤ ਦੀ ਵਾਹੀ ਕਰਕੇ ਕਣਕ ਦੀ ਬਿਜਾਈ ਕੀਤੀ ਜਾ

ਬਾਕੀ ਸਫਾ 6 'ਤੇ



# ਹੁਣ ਤਾਂ ਚਾਹ ਧਰ ਲੋ, ਢਾਈ ਆਲੇ ਰਿਕਾਟ ਆ ਗਏ ਆ

ਪੁਰਾਤਨ ਯਾਦਾਂ ਸਾਂਭੀਆਂ ਰੱਖੀਆਂ ਜਾ ਸਕਦੀਆਂ ਪਰ ਉਹ ਯਾਦਾਂ ਵਾਲੇ ਸਮੇਂ ਮੁੜ ਕੇ ਨਹੀਂ ਆਉਣੇ ਪੁੱਲਾਂ ਥੱਲਿਓਂ ਲੰਘਿਆ ਪਾਣੀ ਦੁਬਾਰਾ ਨਹੀਂ ਆਉਂਦਾ ਇਸ ਤਰ੍ਹਾਂ ਦਿਨ ਤਾ ਦੁਬਾਰਾ ਨਹੀਂ ਆਉਣੇ। ਪਰ ਉਹਨਾ ਬੀਤੇ ਦਿਨਾਂ ਦੀਆਂ ਯਾਦਾਂ ਨੂੰ ਯਾਦ ਕਰਕੇ ਮਨ ਨੂੰ ਤਾਂ ਤਸੱਲੀ ਦੀ ਰੌਅ ਵਿਚ ਲਿਆਂਦਾ ਜਾ ਸਕਦਾ ਹੈ। ਅਜਿਹੀਆਂ ਵੀਰ ਯਾਦਾਂ ਕੁਝ ਜਾਣਕਾਰੀਆਂ ਤੇ ਨਸੀਹਤਾਂ ਦੇ ਜਾਂਦੀਆਂ ਹਨ। ਯਾਦਾਂ ਨੂੰ ਦਿਲ ਸਾਂਭੀਆਂ ਸੋਨੇ ਦਾ ਪ੍ਰਤੀਕ ਬਣ ਕੇ ਮਨ ਨੂੰ ਟੁੰਬਦੀਆਂ ਸਦਾ ਰਹਿੰਦੀਆਂ ਹਨ।

ਇਸ ਤਰ੍ਹਾਂ ਦੀ ਵਾਰਤਕ ਨੂੰ ਅਜ ਮੈਨੂੰ ਕੋਰੇ ਕਾਗਜ਼ ਦੀ ਹਿੱਕ ਉਪਰ ਉਲੀਕਣ ਲੱਗਾ ਹਾਂ। ਮੇਰਾ ਤਾਇਆ ਸ. ਕਰਨੈਲ ਸਿੰਘ ਰੇਡੀਓ ਸੁਨਣ ਦਾ ਬਹੁਤ ਸ਼ੌਕੀਨ ਸੀ। ਸਵੇਰੇ ਤੋਂ ਸ਼ਾਮ ਤੱਕ ਉਸਦਾ ਰੇਡੀਓ ਚਲਦਾ ਰਹਿੰਦਾ ਸੀ। ਖੇਤੀ ਦੇ ਕੰਮਾਂ ਵਿਚ ਵੀ ਕਦੇ ਉਸਨੇ ਨਾਗਾ ਨਹੀਂ ਸੀ ਪਾਇਆ। ਖਬਰਾਂ, ਦਿਹਾਤੀ ਪ੍ਰੋਗਰਾਮ, ਗੁਰਬਾਣੀ ਪੰਜਾਬੀ ਵਾਰਾਂ, ਗੀਤਾਂ ਨੂੰ ਸ਼ੌਕ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਪੂਰਵਕ ਸੁਣਦੇ ਸਨ। ਖਬਰਾਂ ਸੁਣਕੇ ਸੱਥ ਵਿਚ ਸਾਰੇ ਲੋਕਾਂ ਨੂੰ ਸੁਣਾਉਂਦੇ ਸਨ। ਜਾਂ ਰੇਡੀਓ ਸੱਥ ਵਿਚ ਲੈ ਜਾਂਦੇ ਸਨ ਅਤੇ ਸਭ ਬਾਬੇ ਵਿਚਕਾਰ ਰੱਖ ਕੇ ਸੁਣਦੇ ਸਨ। ਸ. ਕਰਨੈਲ ਸਿੰਘ ਇਕ ਵਧੀਆ ਅਗਾਂਹ ਵਧੂ ਕਿਸਾਨ ਸਨ। ਬੀਜ, ਹੱਲ, ਜ਼ਮੀਨ ਪਸ਼ੂਆਂ ਦੀ ਛਿਕਲੀਆਂ ਬਾਰੇ ਆਮ ਪਿੰਡ ਵਿਚ ਲੋਕ ਜਾਣਕਾਰੀ ਲੈਣ ਆਉਂਦੇ ਸਨ। ਵਧੀਆ ਬਲਦਾਂ ਜੋੜੀ ਰੱਖੀ ਹੁੰਦੀ ਸੀ ਦੋਹਾਂ ਬਲਦਾਂ ਸਵੇਰੇ ਸ਼ਾਮ ਖਰਖਰਾ ਪਿੰਡੇ ਤੇ ਫੇਰਦੇ ਸਨ। ਜ਼ਮੀਨ ਵਾਹੁਣ ਬੀਜਣ ਤੇ ਮਾਹਰ ਸ. ਕਰਨੈਲ ਸਿੰਘ ਹੱਲ ਜੋੜ ਕੇ ਰੈਲ ਬਿਲਕੁਲ ਸਿੱਧੀ ਕਾਨੇ ਵਾਗੂੰ ਮਾਰਦੇ ਸਨ। ਖੜੇ ਹੈਰਾਨ ਰਹਿ ਜਾਂਦੇ ਸਨ। ਰੇਡੀਓ ਵੀ ਖੇਤ ਲੈ ਜਾਂਦੇ ਸਨ। ਰਿਸ਼ਤੇਦਾਰੀ ਵਿਚ ਵੀ ਜਾਂਦੇ ਸਾਈਕਲ ਤੇ ਜਾਂ ਆਪਣੇ ਮੋਢੇ ਤੇ ਪਾ ਲੈਂਦੇ ਸਨ ਅਤੇ ਸੁਣਦੇ ਜਾਂਦੇ ਸਨ। ਆਨੰਦ ਲੈਂਦੇ ਸਨ। ਦੁਪਹਿਰਾਂ ਨੂੰ ਸ. ਕਰਨੈਲ ਸਿੰਘ ਨੇ ਸਾਡੀ ਤਾਈ ਤੇਜ ਕੌਰ ਨੂੰ ਕਹਿਣਾ ਕਿ ਉਠ ਢਾਈ ਵਾਲੇ ਰਿਕਾਟ ਆ ਗਏ ਆ ਚਾਹ ਧਰ ਲਾ ਰੰਗੀਨ ਜਿੰਦਗੀ ਬਤੀਤ ਕਰਦੇ ਮੌਜ ਦਾ ਮਾਹੌਲ ਸਿਰਦੇ ਸਨ।

ਬਾਕੀ ਸਫਾ 5 ਦੀ

# ਕੱਤਕ ਮਹੀਨੇ ਹਾੜੀ ਦੀਆਂ ਫਸਲਾਂ ਦੀ ਪੂਰੀ ਕਰੋ ਬਿਜਾਈ

ਸਕਦੀ ਹੈ।

ਇਕ ਏਕੜ ਦੀ ਬਿਜਾਈ ਲਈ 40 ਕਿਲੋ ਬੀਜ ਦੀ ਲੋੜ ਪੈਂਦੀ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਕਣਕ ਲਈ ਜੈਵਿਕ ਖਾਦ ਤਿਆਰ ਕੀਤੀ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਇਸ ਦਾ ਟੀਕਾ ਜ਼ਰੂਰ ਲਗਾ ਲਵੋ। ਇਸ ਨਾਲ ਝਾੜ ਵਿਚ ਵਾਧਾ ਹੁੰਦਾ ਹੈ ਅਤੇ ਧਰਤੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ। ਬਿਜਾਈ ਸਮੇਂ



ਲਾਈਨਾਂ ਵਿਚਕਾਰ 20 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ। ਜੇਕਰ ਦੋਪਾਸੀ ਬਿਜਾਈ ਕੀਤੀ ਜਾਵੇ ਤਾਂ ਝਾੜ ਵਿਚ ਹੋਰ ਵੀ ਵਾਧਾ ਹੋ ਸਕਦਾ ਹੈ। ਜੇਕਰ ਬਿਜਾਈ ਵੱਟਾਂ ਉੱਤੇ ਕੀਤੀ ਜਾਵੇ ਤਾਂ ਖਾਦਾਂ ਦੀ ਬੱਚਤ ਹੁੰਦੀ ਹੈ ਅਤੇ ਝਾੜ ਵਿਚ ਵਾਧਾ ਹੁੰਦਾ ਹੈ।

ਖਾਦਾਂ ਦੀ ਵਰਤੋਂ ਮਿੱਟੀ ਪਰਖ ਅਨੁਸਾਰ ਕਰਨੀ ਚਾਹੀਦੀ ਹੈ। ਆਮ ਕਰਕੇ ਦਰਮਿਆਨੀਆਂ ਜ਼ਮੀਨਾਂ ਲਈ 110 ਕਿਲੋ ਯੂਰੀਆ, 155 ਕਿਲੋ ਸੁਪਰ ਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਗਈ ਹੈ। ਜੇਕਰ ਝੋਨੇ ਦੀ ਫੱਕ ਜਾਂ ਗੰਨੇ ਦੀ ਛਿਲਕੇ ਦੀ ਰਾਖ ਮਿਲ ਸਕੇ ਤਾਂ ਇਹ ਚਾਰ ਟਨ ਪ੍ਰਤੀ ਏਕੜ ਪਾ ਦੇਣੀ ਚਾਹੀਦੀ ਹੈ। ਇਸ ਨਾਲ ਸੁਪਰਫਾਸਫੇਟ ਅੱਧੀ ਪਾਉਣੀ ਪਵੇਗੀ। ਇਹ ਧਰਤੀ ਦੀ ਸਿਹਤ ਵੀ ਠੀਕ ਕਰਦੀ ਹੈ। ਅੱਧਾ ਯੂਰੀਆ, ਸਾਰੀ ਫਾਸਫੋਰਸ ਅਤੇ ਪੋਟਾਸ਼ ਬਿਜਾਈ ਸਮੇਂ ਪਾਵੋ। ਬਾਕੀ ਦਾ ਯੂਰੀਆ ਪਹਿਲੇ ਪਾਣੀ ਨਾਲ ਪਾਉਣਾ ਚਾਹੀਦਾ ਹੈ। ਜੇਕਰ ਬਿਜਾਈ ਹੈਪੀ ਸੀਡਰ ਨਾਲ ਕੀਤੀ ਗਈ ਹੈ ਤਾਂ 44 ਕਿਲੋ ਯੂਰੀਆ ਪਹਿਲੇ ਪਾਣੀ ਨਾਲ ਅਤੇ ਇਤਨਾ ਹੀ ਯੂਰੀਆ ਦੂਜੇ ਪਾਣੀ ਨਾਲ ਪਾਉਣਾ ਚਾਹੀਦਾ ਹੈ। ਨਦੀਨਾਂ ਦੀ ਰੋਕਥਾਮ ਲਈ ਪਹਿਲਾ ਪਾਣੀ ਦੇਣ ਤੋਂ ਪਹਿਲਾਂ ਇਕ ਗੋਡੀ ਕਰੋ। ਜੇਕਰ ਗੋਡੀ ਨਾ ਕੀਤੀ ਜਾ ਸਕਦੀ ਹੋਵੇ ਤਾਂ ਨਦੀਨ ਨਾਸ਼ਕਾਂ ਦੀ ਮਾਹਿਰਾਂ ਦੀਆਂ ਹਿਦਾਇਤਾਂ ਅਨੁਸਾਰ ਵਰਤੋਂ ਕਰੋ।

ਜੇਕਰ ਬਿਜਾਈ ਪਿਛੇਤੀ ਹੋ ਜਾਵੇ ਤਾਂ ਪਿਛੇਤੀਆਂ ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ। ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ-771 ਅਤੇ ਪੀ ਬੀ ਡਬਲਯੂ-752 ਦੀ ਸਿਫਾਰਸ਼ ਕੀਤੀ ਗਈ ਹੈ। ਇਸ ਦਾ ਝਾੜ 19 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਬਿਜਾਈ ਸਮੇਂ ਖੇਤ ਵਿਚ ਪੂਰੀ ਨਮੀਂ ਹੋਣੀ ਚਾਹੀਦੀ ਹੈ। ਕਣਕ ਉੱਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ ਪਰ ਖੇਤਾਂ ਵਿਚ ਗੇੜਾ ਜ਼ਰੂਰ ਮਾਰਦੇ ਰਹਿਣਾ ਚਾਹੀਦਾ ਹੈ। ਜੇਕਰ ਕੋਈ ਹਮਲਾ ਨਜ਼ਰ ਆਵੇ ਤਾਂ ਮਾਹਿਰਾਂ ਦੀ ਸਲਾਹ ਅਨੁਸਾਰ ਰੋਕਥਾਮ ਕੀਤੀ ਜਾਵੇ। ਪੂਰਾ ਧਿਆਨ ਰੱਖਿਆਂ ਹੀ ਪੂਰਾ ਝਾੜ ਪ੍ਰਾਪਤ ਹੋ ਸਕਦਾ ਹੈ।

ਸਿੰਚਾਈ ਸਹੂਲਤਾਂ ਵਿਚ ਵਾਧਾ ਹੋਣ ਕਰਕੇ ਹਾੜੀ ਦੀਆਂ ਦੂਜੀਆਂ ਫਸਲਾਂ ਜੌਂ, ਛੋਲੇ, ਮਸਰ, ਸਰ੍ਹੋਂ, ਅਲਸੀ ਆਦਿ ਹੇਠ ਰਕਬਾ ਬਹੁਤ ਘੱਟ ਗਿਆ ਹੈ। ਕਦੇ ਕਿਸਾਨ ਘਰ ਦੀ ਲੋੜ ਪੂਰੀ ਕਰਨ ਲਈ ਇਨ੍ਹਾਂ ਫਸਲਾਂ ਦੀ ਕਾਸ਼ਤ ਜ਼ਰੂਰ ਕਰਦੇ ਸਨ। ਹੁਣ ਬਹੁਤੇ ਕਿਸਾਨ ਦਾਲਾਂ ਅਤੇ ਤੇਲ ਬਜ਼ਾਰ ਤੋਂ ਹੀ ਮੁੱਲ ਲੈਂਦੇ ਸਨ। ਨਵੀਆਂ ਕਿਸਮਾਂ ਆ ਗਈਆਂ ਹਨ ਇਸੇ ਕਰਕੇ ਕੁਝ ਰਕਬੇ ਵਿਚ ਇਨ੍ਹਾਂ ਫਸਲਾਂ ਦੀ ਕਾਸ਼ਤ ਜ਼ਰੂਰ ਕਰਨੀ ਚਾਹੀਦੀ ਹੈ। ਜੌਆਂ ਹੇਠ ਹੁਣ ਛੇ ਹਜ਼ਾਰ ਹੈਕਟੇਅਰ ਤੋਂ ਵੀ ਘੱਟ ਰਕਬਾ ਹੈ। ਡੀ ਡਬਲਯੂ ਆਰ ਬੀ-123 ਕਿਸਮਾਂ ਦਾ ਝਾੜ 19 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਪੀ ਐਲ 891 ਕਿਸਮ ਛਿਲਕਾ ਰਹਿਤ ਹੈ। ਇਸ ਵਿਚ 12% ਪ੍ਰੋਟੀਨ ਹੁੰਦੀ ਹੈ। ਦਾਣਿਆਂ ਨੂੰ ਭੁੰਨ ਕੇ ਜਾਂ ਆਟਾ ਬਣਾ ਕੇ ਵਰਤਿਆ ਜਾ ਸਕਦਾ ਹੈ। ਛੋਲੇ ਹਾੜੀ ਦੀ ਪ੍ਰਮੁੱਖ ਦਾਲ ਹੈ ਪਰ ਇਸ ਦੀ ਕਾਸ਼ਤ ਕੇਵਲ ਦੋ ਹਜ਼ਾਰ ਹੈਕਟੇਅਰ ਵਿਚ ਹੀ ਕੀਤੀ ਜਾਂਦੀ ਹੈ। ਦੇਸੀ ਛੋਲਿਆਂ ਦੀਆਂ ਪੀ ਬੀ ਜੀ-10, ਪੀ ਬੀ ਜੀ-7 ਕਿਸਮਾਂ ਦੀ ਬਿਜਾਈ ਸਾਰੇ ਸੂਬੇ ਵਿਚ ਕੀਤੀ ਜਾ ਸਕਦੀ ਹੈ। ਇਨ੍ਹਾਂ ਦਾ ਝਾੜ ਅੱਠ ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਕਾਬਲੀ ਜਾਂ ਚਿੱਟੇ ਛੋਲਿਆਂ ਦੀ ਐਲ 552 ਕਿਸਮ ਦੀ ਸਿਫਾਰਸ਼ ਕੀਤੀ ਗਈ ਹੈ। ਇਕ ਏਕੜ ਲਈ 30 ਕਿਲੋ ਬੀਜ ਕਾਫੀ ਹੁੰਦਾ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਗਾ ਲੈਣਾ ਚਾਹੀਦਾ ਹੈ। ਛੋਲੇ ਧਰਤ ਦੀ ਸਿਹਤ ਵਿਚ ਵੀ ਸੁਧਾਰ ਕਰਦੇ ਹਨ। ਮਸਰ ਹਾੜੀ ਦੇ ਆਮ ਵਰਤੀ ਜਾਣ ਵਾਲੀ ਇਕ ਹੋਰ ਦਾਲ ਹੈ ਪਰ ਇਸ ਹੇਠ ਕੇਵਲ ਨਾ ਮਾਤਰ ਰਕਬਾ ਹੀ ਰਹਿ ਗਿਆ ਹੈ। ਐਲ ਐਲ-1373 ਲਈ 18 ਕਿਲੋ ਬੀਜ ਤੇ ਦੂਜੀ ਕਿਸਮ ਲਈ 15 ਕਿਲੋ ਬੀਜ ਪ੍ਰਤੀ ਏਕੜ ਪਾਵੋ। ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਜ਼ਰੂਰ ਲਗਾ ਲੈਣਾ ਚਾਹੀਦਾ ਹੈ।

ਸਰ੍ਹੋਂ ਦੇ ਤੇਲ ਦੀ ਵਰਤੋਂ ਹਰੇਕ ਘਰ ਦੀ ਕੀਤੀ ਜਾਂਦੀ ਹੈ। ਪਰ ਪੰਜਾਬ ਵਿਚ ਪਿਛਲੇ ਸਾਲ ਤੇਲ ਬੀਜਾਂ ਹੇਠ ਮਸਾਂ 45 ਹਜ਼ਾਰ ਹੈਕਟੇਅਰ ਰਕਬਾ ਸੀ। ਰਾਇਆ ਅਤੇ ਗੋਭੀ ਸਰ੍ਹੋਂ ਦੀ ਬਿਜਾਈ ਲਈ ਇਹ ਢੁੱਕਵਾਂ ਮਹੀਨਾ ਹੈ। ਪੀ ਆਰ ਐਚ-127, ਆਰ ਸੀ ਐਚ-1 ਅਤੇ ਪੀ ਐਚ ਆਰ-126 ਕੁਝ ਰਾਇਆ ਦੀਆਂ ਉਨਤ ਕਿਸਮਾਂ ਹਨ। ਇਨ੍ਹਾਂ ਤੋਂ ਨੌਂ ਕੁਇੰਟਲ ਤੋਂ ਵੱਧ ਪ੍ਰਤੀ ਏਕੜ ਦੇ ਹਿਸਾਬ ਝਾੜ ਪ੍ਰਾਪਤ ਹੋ ਜਾਂਦਾ ਹੈ। ਪੀ ਜੀ ਐਸ ਐਚ-2155, ਪੀ ਜੀ ਐਸ ਐਚ-1707 ਅਤੇ ਜੀ ਐਸ ਸੀ-7 ਗੋਭੀ ਸਰ੍ਹੋਂ ਦੀਆਂ ਉੱਨਤ ਕਿਸਮਾਂ ਹਨ। ਇਨ੍ਹਾਂ ਤੋਂ ਵੀ ਨੌਂ ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਹੋ ਸਕਦਾ ਹੈ। ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਜ਼ਰੂਰ ਲਗਾਵੋ। ਇਹ ਏਕੜ ਵਿਚ ਡੇਢ ਕਿਲੋ ਬੀਜ ਦੀ ਵਰਤੋਂ ਕਰੋ। ਅਲਸੀ ਦੀਆਂ ਐਲ ਸੀ-2063 ਅਤੇ ਐਲ ਸੀ-2023 ਉਨਤ ਕਿਸਮਾਂ ਹਨ। ਕਤਕ ਵਿਚ ਹਾੜੀ ਦੀਆਂ ਫਸਲਾਂ ਦੀ ਬਿਜਾਈ ਪੂਰੀ ਕਰਨ ਦੀ ਯਤਨ ਕੀਤਾ ਜਾਵੇ ਤਾਂ ਜੋ ਪੂਰੀ ਝਾੜ ਪ੍ਰਾਪਤ ਹੋ ਸਕੇ।

# ਬੱਲੋਆਲ ਸੌਂਖੜੀ : ਬਰਾਨੀ ਖੇਤੀ ਲਈ ਵਰਦਾਨ ਖੇਤਰੀ ਖੋਜ ਕੇਂਦਰ


ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸੰਨ 1982 ਵਿਚ ਖੇਤਰੀ ਖੋਜ ਕੇਂਦਰ ਬੱਲੋਆਲ ਸੌਂਖੜੀ ਦੀ ਸਥਾਪਨਾ ਕੀਤੀ ਗਈ ਸੀ, ਜੋ ਏਸ ਇਲਾਕੇ ਲਈ ਵਰਦਾਨ ਸਿੱਧ ਹੋਇਆ।

ਪਾਣੀ ਦੀ ਸੰਭਾਲ ਤੇ ਸਦਉਪਯੋਗ ਅਤੇ ਕੰਢੀ ਦੇ ਪਛੜੇ ਇਲਾਕੇ ਅੰਦਰ ਵੀਰਾਨੀ ਖੇਤੀ ਵਿਚ ਵਿਕਾਸ ਨੂੰ ਨਵੀਂ ਗਤੀ ਤੇ ਦਿਸ਼ਾ ਪ੍ਰਦਾਨ ਕਰਨ ਲਈ ਪਿੰਡ ਬੱਲੋਆਲ ਸੌਂਖੜੀ (ਉਦੋਂ ਜ਼ਿਲ੍ਹਾ ਜਲੰਧਰ, ਹੁਣ ਨਵਾਂ ਸ਼ਹਿਰ) ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਖੇਤਰੀ ਖੋਜ ਕੇਂਦਰ 1992 ਵਿਚ ਸਥਾਪਤ ਕੀਤਾ ਗਿਆ ਸੀ।

ਕੰਢੀ ਅੰਦਰ ਵੀਰਾਨੀ ਖੇਤੀ ਦੀ ਵਿਓਂਤਬੰਦੀ ਤੇ ਵਿਕਾਸ ਦਾ ਇਤਿਹਾਸ ਬੱਲੋਆਲ ਸੌਂਖੜੀ ਖੇਤਰੀ ਖੋਜ ਕੇਂਦਰ ਦੇ ਸੰਚਾਲਕਾਂ ਦੀ ਸਰਪ੍ਰਤੀ ਤੇ ਸੰਚਾਲਨ ਨਾਲ ਜੁੜਿਆ ਹੋਇਆ ਹੈ। ਅਜਿਹੇ ਸੰਚਾਲਕਾਂ ਤੇ ਖੇਤੀ ਵਿਗਿਆਨੀਆਂ ਵਿਚ ਕੇਂਦਰ ਦੇ ਪਹਿਲੇ ਨਿਰਦੇਸ਼ਕ ਡਾ. ਵੀ. ਐੱਨ. ਰਾਓ, ਜੋ ਅਮਰੀਕਾ ਤੋਂ ਵਾਟਰ ਸੁਆਇਲ ਇੰਜੀਨੀਅਰਿੰਗ ਦੀ ਪੜ੍ਹਾਈ 'ਤੇ ਪੀ. ਐੱਚ. ਡੀ. ਕਰਕੇ ਆਏ ਸਨ, ਤੋਂ ਲੈ ਕੇ ਹਰਦੀਪ ਸਿੰਘ ਸੂਰ, ਡਾ. ਗਰੇਵਾਲ, ਐੱਸ.ਸੀ. ਸ਼ਰਮਾ, ਡਾ. ਪੀ.ਐੱਸ. ਔਲਖ ਤੇ ਅਜੋਕੇ ਨਿਰਦੇਸ਼ਕ ਡਾ. ਮਨਮੋਹਨਜੀਤ ਸ਼ਾਮਲ ਹਨ।

ਸੰਨ 1980 ਵਿਚ ਵਿਸ਼ਵ ਬੈਂਕ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਕੰਢੀ ਦੇ ਇਸ ਇਲਾਕੇ ਲਈ ਕੰਢੀ ਵਾਟਰਸ਼ੈੱਡ ਏਰੀਆ ਵਿਕਾਸ ਪ੍ਰਾਜੈਕਟ ਲਿਆਂਦਾ ਗਿਆ ਸੀ, ਇਸੇ ਪ੍ਰਾਜੈਕਟ ਦੀ ਸੇਧ ਵਿਚ ਬੱਲੋਆਲ ਸੌਂਖੜੀ ਖੋਜ ਕੇਂਦਰ ਨੇ ਰਾਸ਼ਟਰੀ ਖੇਤੀ ਖੋਜ ਪ੍ਰਾਜੈਕਟ ਨੂੰ ਪੂਰਨ ਸਫਲਤਾ ਤੱਕ ਲਿਜਾਣ ਵਿਚ ਕਾਮਯਾਬੀ ਪ੍ਰਾਪਤ ਕੀਤੀ।

ਇਹ ਖੋਜ ਕੇਂਦਰ 149.2 ਹੈਕਟੇਅਰ ਰਕਬੇ ਵਿਚ ਫੈਲਿਆ ਹੋਇਆ ਹੈ। ਇਸ ਇਲਾਕੇ ਵਿਚ ਪਾਣੀ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਹੋਣ ਕਰਕੇ ਅਤੇ ਮੌਸਮ ਤੇ ਮੀਂਹਾਂ ਦੀ ਅਸਥਿਰਤਾ ਕਰਕੇ ਖੇਤੀ ਲਈ ਸਫਲਤਾ ਦਾ ਕੰਮ ਵਧੇਰੇ ਸਖਤ ਹੋ ਜਾਂਦਾ ਹੈ, ਇਹ ਇਲਾਕਾ ਸੰਮੁਦਰ ਤਲ ਤੋਂ ਲੱਗਭਗ



ਮਹਿੰਦਰ ਸਿੰਘ 'ਦੋਸਾਂਝ'
ਮੋ. 94632-33991

300 ਤੋਂ 375 ਮੀਟਰ ਉੱਚਾਈ 'ਤੇ ਸਥਿਤ ਹੈ, ਜੁਲਾਈ ਦੇ ਮਹੀਨੇ ਦੇ ਪਹਿਲੇ ਅੱਧ ਵਿਚ ਇਥੇ ਤਾਪਮਾਨ ਅਕਸਰ 41 ਡਿਗਰੀ ਤੇ ਜਨਵਰੀ ਵਿਚ 6 ਡਿਗਰੀ ਸੈਲਸੀਅਸ ਤੱਕ ਹੁੰਦਾ ਹੈ।

ਇੱਥੇ ਕਿਸਾਨਾਂ ਦੀ ਸਹੂਲਤ ਲਈ ਮਿੱਟੀ ਤੇ ਪਾਣੀ ਦੀ ਪਰਖ ਲਈ ਪ੍ਰਯੋਗਸ਼ਾਲਾ ਦੀ ਸਥਾਪਨਾ ਕੀਤੀ ਗਈ ਤੇ ਫਲਾਂ ਦੀਆਂ ਢੁੱਕਵੀਆਂ ਤੇ ਪ੍ਰਮਾਣਿਤ ਕਿਸਮਾਂ ਦੇ ਬੂਟਿਆਂ ਦੀ ਪਨੀਰੀ ਤਿਆਰ ਕਰਕੇ ਕਿਸਾਨਾਂ ਨੂੰ ਸਿਹਤਮੰਦ ਬੂਟੇ ਦੇਣ ਦੀ ਵਿਵਸਥਾ ਵੀ ਕੀਤੀ ਗਈ ਹੈ, ਇਸ ਦੇ ਨਾਲ-ਨਾਲ ਕਿਸਾਨਾਂ ਨੂੰ ਮੌਸਮ ਬਾਰੇ ਜਾਣਕਾਰੀ ਦੇਣ ਲਈ ਕੇਂਦਰ ਸਮੇਤ ਵੱਖ-ਵੱਖ ਥਾਵਾਂ 'ਤੇ ਚਾਰ ਸਵੈਚਾਲਿਤ ਮੌਸਮ ਸਟੇਸ਼ਨ ਹਨ।

ਇਸ ਖੇਤਰੀ ਖੋਜ ਕੇਂਦਰ ਵਿਚ ਆਧੁਨਿਕ ਮਸ਼ੀਨਾਂ ਨਾਲ ਲੈਸ ਵੱਖ-ਵੱਖ ਪ੍ਰਯੋਗਸ਼ਾਲਾਵਾਂ ਦੇ ਨਾਲ-ਨਾਲ ਲਾਇਬ੍ਰੇਰੀ, ਕੰਪਿਊਟਰ, ਇੰਟਰਨੈੱਟ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਸੰਨ 2018-19 ਦੇ ਵਿੱਦਿਅਕ ਸਾਲ ਤੋਂ ਖੇਤੀਬਾੜੀ ਦਾ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ ਤੇ ਹੁਣ ਅਗਲੇ ਵਰ੍ਹੇ ਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਬੀ. ਐੱਸ. ਸੀ. ਵਾਸਤੇ ਕਾਲਜ ਸ਼ੁਰੂ ਕਰਨ ਦੀ ਪ੍ਰਵਾਨਗੀ ਵੀ ਮਿਲ ਗਈ ਹੈ।

ਹਾੜ੍ਹੀ ਦੇ ਸਾਉਣੀ ਦੇ ਸਮੇਂ ਸਾਲ ਵਿਚ ਦੋ ਸਾਲ ਕਿਸਾਨ ਮੇਲੇ ਲਗਾਏ ਜਾਂਦੇ ਹਨ। ਇਸ ਖੇਤਰੀ ਖੋਜ ਕੇਂਦਰ ਦੇ ਨਿਰਦੇਸ਼ਕ ਦੀ ਟੀਮ ਵਿਚ, ਅਰਥ ਸ਼ਾਸਤਰ, ਕੀਟ ਵਿਗਿਆਨ, ਫਰੂਟ ਵਿਗਿਆਨ, ਪਲਾਂਟ, ਬ੍ਰੀਡਿੰਗ, ਫਸਲ ਵਿਗਿਆਨ, ਪੌਦਾ ਰੋਗ ਵਿਗਿਆਨ, ਸਬਜ਼ੀ ਵਿਗਿਆਨ, ਮਿੱਟੀ ਤੇ ਪਾਣੀ ਵਿਗਿਆਨ, ਮੌਸਮ ਵਿਗਿਆਨ, ਸਿਲਵੀ ਕਲਚਰ ਤੇ ਫਰੂਟ ਸਾਇੰਸ ਨਾਲ ਸੰਬੰਧਤ 15 ਯੋਗ ਖੇਤੀ ਵਿਗਿਆਨ ਸ਼ਾਮਲ ਹਨ।

ਕੁਝ ਸਾਲਾਂ ਤੋਂ ਇਸ ਖੇਤਰੀ ਖੋਜ ਕੇਂਦਰ ਵਿਚ ਪੰਜਾਬ ਖੇਤੀ ਯੂਨੀਵਰਸਿਟੀ, ਹਿਮਾਚਲ ਵਿਚ ਸੋਲਨ ਵਿਖੇ ਵਣਾਂ ਤੇ ਫਲਾਂ ਦੀ ਯੂਨੀਵਰਸਿਟੀ ਤੇ ਪਾਲਮਪੁਰ ਦੀ ਖੇਤੀ ਯੂਨੀਵਰਸਿਟੀ ਦੇ ਸਹਿਯੋਗ ਨਾਲ ''ਕੰਢੀ ਸ਼ਿਵਾਲਿਕ ਜੋਨ ਐਗਰੀਕਲਚਰ ਖੋਜ ਸਕੀਮ' ਸ਼ੁਰੂ ਕੀਤੀ ਗਈ ਹੈ, ਇਸ ਸਕੀਮ ਹੇਠ ਜਿੱਥੇ ਹਿਮਾਚਲ ਦੇ ਕਿਸਾਨਾਂ ਤੇ ਕਿਸਾਨ ਸੁਆਣੀਆਂ ਨੂੰ ਇਕ-ਦੂਜੇ ਸੂਬੇ ਵਿਚ ਬੁਲਾ ਕੇ ਖੇਤੀ ਦੀਆਂ ਨਵੀਆਂ ਤਕਨੀਕਾਂ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ, ਉੱਥੇ ਫਸਲਾਂ ਤੇ ਬੂਟਿਆਂ ਦੀਆਂ ਵੱਖ-ਵੱਖ ਉੱਨਤ ਕਿਸਮਾਂ ਨੂੰ ਇਕ-ਦੂਜੇ ਸੂਬੇ ਵਿਚ ਲਿਜਾ ਕੇ ਇਨ੍ਹਾਂ ਦੀ ਕਾਸ਼ਤ ਦੇ ਪ੍ਰਤਾਵੇ ਕੀਤੇ ਜਾਂਦੇ ਹਨ, ਹਿਮਾਚਲ ਵਿਚ ਸ਼ਿਵਾਲਿਕ ਪੱਟੀ ਦੇ ਅਤੇ ਪੰਜਾਬ ਵਿਚ ਕੰਢੀ ਜੋਨ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਇਸ ਸਕੀਮ ਨਾਲ ਜੋੜੇ ਗਏ ਹਨ।

# ਨਵੰਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਕਣਕ** : ਨਵੰਬਰ ਮਹੀਨੇ ਦੇ ਦੂਸਰੇ ਅਤੇ ਚੌਥੇ ਹਫਤੇ ਤੱਕ ਠੀਕ ਸਮੇਂ ਤੇ ਬਿਜਾਈ ਲਈ ਪੀ ਬੀ ਡਬਲਯੂ-826, ਪੀ ਬੀ ਡਬਲਯੂ-824, ਪੀ ਬੀ ਡਬਲਯੂ-803, ਸੁਨਹਿਰੀ (ਪੀ ਬੀ ਡਬਲਯੂ-766), ਪੀ ਬੀ ਡਬਲਯੂ-1 ਚਪਾਤੀ, ਡੀ ਬੀ ਡਬਲਯੂ-222, ਡੀ ਬੀ ਡਬਲਯੂ 187, ਐਚ ਡੀ-3226, ਉੱਨਤ ਪੀ ਬੀ ਡਬਲਯੂ-343, ਪੀ ਬੀ ਡਬਲਯੂ ਜ਼ਿੰਕ 2, ਪੀ ਬੀ ਡਬਲਯੂ ਆਰ ਐਸ 1, ਪੀ ਬੀ ਡਬਲਯੂ 1 ਜ਼ਿੰਕ, ਪੀ ਬੀ ਡਬਲਯੂ-725, ਪੀ ਬੀ ਡਬਲਯੂ 677, ਐਚ ਡੀ-3086, ਉੱਨਤ ਪੀ ਬੀ ਡਬਲਯੂ - 550 ਦੀ ਬਿਜਾਈ ਪੂਰੀ ਕਰ ਲੈਣੀ ਚਾਹੀਦੀ ਹੈ। ਕਣਕ ਦੀ ਪੀ ਡੀ ਡਬਲਯੂ-



869 ਕਿਸਮ ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਬਿਜਾਈ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਵੰਬਰ ਦੇ ਚੌਥੇ ਹਫਤੇ ਤੋਂ ਬਾਅਦ ਪੀ ਬੀ ਡਬਲਯੂ-771 ਜਾਂ ਪੀ ਬੀ ਡਬਲਯੂ-752 ਕਿਸਮ ਬੀਜੋ। ਬਾਰਾਨੀ ਹਾਲਤਾਂ ਵਿੱਚ ਪੀ ਬੀ ਡਬਲਯੂ-660 ਅਤੇ ਪਾਣੀ ਲੱਗ ਹਾਲਤਾਂ ਵਿਚ ਵਡਾਣਕ ਕਣਕ ਦੀਆਂ ਕਿਸਮਾਂ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ-291 ਕਿਸਮਾਂ ਨਵੰਬਰ ਦੇ ਪਹਿਲੇ ਹਫਤੇ ਤੱਕ ਬੀਜੋ । ਵਡਾਣਕ ਕਣਕ ਦੀ ਬਿਜਾਈ ਹਲਕੀਆਂ ਜ਼ਮੀਨਾਂ ਉੱਪਰ ਨਾ ਕਰੋ ।

ਬੀਜਣ ਸਮੇਂ 55 ਕਿਲੋ ਡੀ ਏ ਪੀ ਜਾਂ 155 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ । ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਪਾਈ ਹੈ ਤਾਂ ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ, ਪਰ ਜੇਕਰ ਸੁਪਰਫਾਸਫੇਟ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ 20 ਕਿਲੋ ਯੂਰੀਆ ਪ੍ਰਤੀ ਏਕੜ ਪਾਓ। ਮਿੱਟੀ ਪਰਖ ਅਨੁਸਾਰ ਜਿਨ੍ਹਾਂ ਜ਼ਮੀਨਾਂ ਵਿੱਚ ਪੋਟਾਸ਼ ਦੀ ਘਾਟ ਹੈ, ਉੱਥੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਬਿਜਾਈ ਸਮੇਂ ਪਾਓ। ਗੁਰਦਾਸਪੁਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਮੋਹਾਲੀ ਅਤੇ ਰੋਪੜ ਦੇ ਜ਼ਿਲ੍ਹਿਆਂ ਵਿੱਚ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਉਣ ਦੀ ਲੋੜ ਹੈ। ਫਸਲ ਨੂੰ ਫਾਸਫੋਰਸ ਤੱਤ ਦੀ ਉਪਲੱਬਧਤਾ ਵਧਾਉਣ ਲਈ ਕਣਕ ਦੇ ਬੀਜ ਨੂੰ ਜੀਵਾਣੂੰ ਖਾਦ ਦੇ ਮਿਸ਼ਰਣ ਦਾ ਟੀਕਾ ਲਗਾਓ । ਪੀ ਏ ਯੂ ਪੱਤਾ ਰੰਗ ਚਾਰਟ ਨਾਲ ਕਣਕ ਵਿੱਚ ਲੋੜ ਅਨੁਸਾਰ ਯੂਰੀਆ ਖਾਦ ਪਾਉਣ ਲਈ ਬਿਜਾਈ ਸਮੇਂ 55 ਕਿਲੋ ਡੀ ਏ ਪੀ/ਏਕੜ ਡਰਿਲ ਕਰੋ । ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 40 ਕਿਲੋ ਅਤੇ ਪਿਛੇਤੀ (ਅੱਧ ਦਸੰਬਰ ਤੋਂ ਬਾਅਦ ਬੀਜੀ) ਕਣਕ ਨੂੰ 25 ਕਿਲੋ ਯੂਰੀਆ ਪ੍ਰਤੀ ਏਕੜ ਪਾਓ । ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਣਕ ਨੂੰ ਬੀਜਣ ਸਮੇਂ 65 ਕਿਲੋ ਡੀ ਏ ਪੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ ।

ਗੰਧਕ ਦੀ ਲੋੜ ਪੂਰੀ ਕਰਨ ਲਈ ਰੇਤਲੀਆਂ ਜ਼ਮੀਨਾਂ ਵਿੱਚ ਬਿਜਾਈ ਤੋਂ ਪਹਿਲਾਂ 100 ਕਿਲੋ ਜਿਪਸਮ/ਏਕੜ ਪਾਓ । ਜਿੱਥੇ ਕਣਕ ਮੂੰਗਫਲੀ ਤੋਂ ਬਾਅਦ ਬੀਜੀ ਜਾਂਦੀ ਹੈ, ਜਿਸਨੂੰ ਸਿਫਾਰਿਸ਼ ਜਿਪਸਮ 50 ਕਿਲੋ/ਏਕੜ ਪਾਈ ਹੋਵੇ, ਉਥੇ ਕਣਕ ਨੂੰ 50 ਕਿਲੋ ਜਿਪਸਮ/ਏਕੜ ਹੀ ਪਾਉ । ਬਾਰਾਨੀ ਕਣਕ ਵਿੱਚ 35 ਕਿਲੋ ਯੂਰੀਆ 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਸਮੇਂ ਡਰਿੱਲ ਕਰੋ । ਘੱਟ ਨਮੀਂ ਰੱਖਣ ਵਾਲੀਆਂ ਜ਼ਮੀਨਾਂ ਵਿੱਚ ਸਾਰੀਆਂ ਖਾਦਾਂ ਦੀ ਮਿਕਦਾਰ ਘਟਾ ਕੇ ਅੱਧੀ ਕਰ ਦਿਉ । ਜੇਕਰ ਝੋਨੇ ਅਤੇ ਮੱਕੀ ਦੀ ਪਿਛਲੀ ਫਸਲ ਨੂੰ ਜ਼ਿੰਕ ਸਲਫੇਟ ਨਹੀਂ ਪਾਇਆ ਤਾਂ ਕਣਕ ਨੂੰ 25 ਕਿਲੋ ਜ਼ਿੰਕ ਸਲਫੇਟ (21%) ਜਾਂ ਨੂੰ 16 ਕਿਲੋ ਜ਼ਿੰਕ ਸਲਫੇਟ (33%) ਪ੍ਰਤੀ ਏਕੜ ਦੇ ਹਿਸਾਬ ਪਾਓ । ਜੇਕਰ ਖੇਤ ਵਿੱਚ ਪਿਛਲੇ ਸਾਲ ਮੈਂਗਨੀਜ਼ ਦੀ ਘਾਟ ਆਈ ਹੋਵੇ ਤਾਂ ਉਥੇ ਵਡਾਣਕ ਕਿਸਮਾਂ ਦੀ ਬਿਜਾਈ ਨਾ ਕਰੋ । ਮੈਂਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 0.5% ਮੈਂਗਨੀਜ਼ ਸਲਫੇਟ (ਇੱਕ ਕਿਲੋ ਮੈਂਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਸਪਰੇਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਸਪਰੇਅ ਹਫਤੇ-ਹਫਤੇ ਦੇ ਫਰਕ ਤੇ ਕਰੋ ।

ਸਿਉਂਕ ਕਣਕ ਦੀ ਫਸਲ ਦਾ ਖਾਸ ਕਰਕੇ ਬਾਰਾਨੀ ਇਲਾਕਿਆਂ ਵਿੱਚ , ਇਕ ਖਤਰਨਾਕ ਕੀੜਾ ਹੈ । ਬਿਜਾਈ ਤੋਂ ਪਹਿਲਾਂ ਕਣਕ ਦੇ ਬੀਜ ਨੂੰ 40 ਗ੍ਰਾਮ ਕਰੂਜ਼ਰ 70 ਤਾਕਤ (ਥਾਇਓ-ਮਿਥੋਕਸਮ) ਜਾਂ 160 ਮਿਲੀਲਿਟਰ ਡਰਸਬਾਨ / ਰੂਬਾਨ / ਡਰਮਟ 20 ਤਾਕਤ (ਕਲੋਰੋਪਾਈਰੀਫਾਸ) ਨੂੰ 40 ਕਿਲੋ ਬੀਜ ਲਈ ਵਰਤੋ । ਕੀਟ ਨਾਸ਼ਕ ਦੀ ਇਸ ਮਾਤਰਾ ਨੂੰ ਇੱਕ ਲਿਟਰ ਪਾਣੀ ਵਿੱਚ ਘੋਲ ਕੇ ਪੱਕੇ ਫਰਸ਼ ਜਾਂ ਤਰਪਾਲ ਜਾਂ ਮੋਮਜਾਮੇ ਉੱਪਰ ਬੀਜ ਨੂੰ ਪਤਲੀ ਤਹਿ ਵਿੱਚ ਖਿਲਾਰ ਕੇ ਛਿੜਕ ਕੇ ਰਲਾ ਦਿਉ ਅਤੇ ਛਾਵੇਂ ਸੁਕਾ ਲਉ । ਜੇਕਰ ਹਮਲਾ ਮੋਰਟਲ/ਰੀਜੈਂਟ 0.3 ਜੀ (ਫਿਪਰੋਨਿਲ) ਜਾਂ 1200 ਮਿਲੀਲਿਟਰ ਡਰਸਬਾਨ 20 ਈ ਸੀ (ਕਲੋਰੋਪਾਈਫਾਸ) 20 ਕਿਲੋ ਸਲਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾਂ ਛਿਟਾ ਦੇਵੋ । ਫਿਪਰੋਨਿਲ ਜਾਂ ਕਲੋਰੋਪਾਈਰੀਫਾਸ ਨਾਲ ਗੁਲਾਬੀ ਸੁੰਡੀ ਦੀ ਵੀ ਰੋਕਥਾਮ ਹੋ ਜਾਂਦੀ ਹੈ । ਕਣਕ ਦੀ ਕਾਂਗਿਆਰੀ ਦੀ ਰੋਕਥਾਮ ਲਈ ਡਬਲਯੂ ਐਚ ਡੀ-943 ਅਤੇ ਪੀ ਡੀ ਡਬਲਯੂ-291 ਕਿਸਮਾਂ ਤੋਂ ਬਗੈਰ ਬੀਜ ਨੂੰ ਰੈਕਸਿਲ ਈਜ਼ੀ/ਓਰੀਅਸ 6 ਐਫ ਐਸ 13 ਮਿ.ਲਿ. ਜਾਂ ਵੀਟਾਵੈਕਸ ਪਾਵਰ 120 ਗ੍ਰਾਮ ਜਾਂ ਵੀਟਾਵੈਕਸ 80 ਗ੍ਰਾਮ ਜਾਂ ਟੈਬੂਸੀਡ/ਸੀਡੈਕਸ/ਐਕਸਜ਼ੋਲ 40 ਗ੍ਰਾਮ ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ । ਉੱਲੀ-ਨਾਸ਼ਕਾਂ ਨੂੰ ਬਿਜਾਈ ਦੇ ਇਕ ਮਹੀਨੇ ਤੋਂ ਪਹਿਲਾਂ ਨਹੀਂ ਵਰਤਣਾ ਚਾਹੀਦਾ, ਕਿਉਂਕਿ ਇਹ ਫਸਲ ਦੀ ਉੱਗਣ ਸ਼ਕਤੀ ਤੇ ਅਸਰ ਕਰਦੀਆਂ ਹਨ । ਸਿਉਂਕ ਅਤੇ ਸਿੱਟਿਆਂ ਦੀ ਕਾਂਗਿਆਰੀ ਦੋਵਾਂ ਇਕੱਠਿਆਂ ਦੀ ਰੋਕਥਾਮ ਵਾਸਤੇ 40 ਕਿਲੋ ਬੀਜ ਨੂੰ 80 ਮਿ.ਲੀ. ਨਿਉਨੈਕਸ ਨਾਲ ਸੋਧ ਕੇ ਬੀਜੋ । ਪੀਲੀ ਅਤੇ ਭੂਰੀ ਕੁੰਗੀ ਦੇ ਬਚਾਅ ਲਈ ਇਨ੍ਹਾਂ ਨੂੰ ਸਹਾਰਨ ਵਾਲੀਆਂ ਕਿਸਮਾਂ ਪੀ ਬੀ ਡਬਲਯੂ-725, ਪੀ ਬੀ ਡਬਲਯੂ-677, ਉੱਨਤ ਪੀ ਬੀ ਡਬਲਯੂ-550, ਅਤੇ ਡਬਲਯੂ ਐਚ ਡੀ-943 ਆਦਿ ਨੀਮ ਪਹਾੜੀ ਇਲਾਕਿਆਂ ਵਿਚ ਬੀਜੋ ਅਤੇ ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ-752 ਅਤੇ ਪੀ ਬੀ ਡਬਲਯੂ-658 ਬੀਜੋ । ਬਾਰਾਨੀ ਇਲਾਕਿਆਂ ਵਿੱਚ ਸਮੇਂ ਸਿਰ ਬਿਜਾਈ ਲਈ ਪੀਲੀ ਕੁੰਗੀ ਦਾ ਟਾਕਰਾ ਕਰਨ ਵਾਲੀ ਕਿਸਮ ਪੀ ਬੀ ਡਬਲਯੂ-660 ਦੀ ਕਾਸ਼ਤ ਕਰੋ ।

**ਦਾਲਾਂ : ਮਸਰ** : ਮਸਰ ਐੱਲ ਐੱਲ-1373 ਜਾਂ ਐੱਲ ਐੱਲ-931 ਕਿਸਮਾਂ ਦੀ ਬਿਜਾਈ ਕਰੋ । ਬਿਜਾਈ ਨਵੰਬਰ ਦੇ ਪਹਿਲੇ ਹਫਤੇ ਤਕ ਮੁਕਾ ਲੈਣੀ ਚਾਹੀਦੀ ਹੈ । ਫਸਲ ਦੇ ਵਧੇਰੇ ਝਾੜ ਲੈਣ ਲਈ ਬੀਜ ਨੂੰ ਰਾਈਜ਼ੋਬੀਅਮ ਕਲਚਰ ਦਾ ਟੀਕਾ ਲਗਾ ਕੇ ਬੀਜੋ । ਬੀਜਣ ਸਮੇਂ 11 ਕਿਲੋ ਯੂਰੀਆ ਅਤੇ 100 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਓ । ਜੇਕਰ ਰਾਈਜ਼ੋਬੀਅਮ ਕਲਚਰ ਦੀ ਵਰਤੋਂ ਨਹੀਂ ਕੀਤੀ ਤਾਂ 100 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਸਮੇਂ ਪਾਓ । ਸੇਂਜੂ ਹਾਲਤਾਂ ਲਈ ਸਾਰੇ ਪੰਜਾਬ ਵਿੱਚ ਛੋਲਿਆਂ ਦੀਆਂ ਪੀ ਬੀ ਜੀ-10 ਅਤੇ ਪੀ ਬੀ ਜੀ-7 ਕਿਸਮ, ਅਰਧ ਪਹਾੜੀ ਇਲਾਕਿਆਂ ਵਿੱਚ ਪੀ ਬੀ ਜੀ-5 ਅਤੇ ਬਾਕੀ ਜ਼ਿਲ੍ਹਿਆਂ ਲਈ ਜੀ ਪੀ ਐਫ-2, ਦੇਸੀ ਅਤੇ ਕਾਬਲੀ ਛੋਲਿਆਂ ਐਲ-552 ਕਿਸਮਾਂ ਨੀਮ ਪਹਾੜੀ ਇਲਾਕਿਆਂ ਨੂੰ ਛੱਡ ਕੇ ਸੇਂਜੂ ਹਾਲਤਾਂ ਵਿੱਚ ਬੀਜੋ । 10 ਨਵੰਬਰ ਤੱਕ ਛੋਲਿਆਂ ਦੀ ਬਿਜਾਈ ਖਤਮ ਕਰ ਦਿਉ ਨਹੀਂ ਤਾਂ ਪਿਛੇਤੀ ਬਿਜਾਈ ਨਾਲ ਝਾੜ ਬਹੁਤ ਘੱਟ ਜਾਵੇਗਾ । ਬਾਰਾਨੀ ਹਾਲਤਾਂ ਵਿੱਚ ਪੀ ਬੀ ਜੀ-4 ਕਿਸਮਾਂ ਬੀਜੋ । ਦੇਸੀ ਛੋਲਿਆਂ ਨੂੰ ਬਿਜਾਈ ਸਮੇਂ 13 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ । ਕਾਬਲੀ ਛੋਲਿਆਂ ਨੂੰ 13 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ । ਬੀਜ ਨੂੰ ਰਾਈਜ਼ੋਬੀਅਮ ਅਤੇ ਪੀ ਜੀ ਆਰ ਦਾ ਟੀਕਾ ਲਾਉ । ਵੱਧ ਝਾੜ ਲੈਣ ਲਈ ਮਟਰਾਂ ਦੀ ਬਿਜਾਈ ਨਵੰਬਰ ਦੇ ਅੱਧ ਤੱਕ ਪੂਰੀ ਕਰ ਲਵੋ । ਬਿਜਾਈ ਵੇਲੇ 26 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਓ । ਮਟਰਾਂ ਨੂੰ ਉਖੇੜਾ ਰੋਗ ਤੋਂ ਮੁਕਤ ਰੱਖਣ ਲਈ ਸੂਡੋਮੋਨਾਸ ਫਲੋਰੇਸੇਂਸ ਫਾਰਮੂਲੇਸ਼ਣ 15 ਗ੍ਰਾਮ ਪ੍ਰਤੀ ਕਿਲੋ ਬੀਜ ਨੂੰ ਸੋਧਣ ਲਈ ਵਰਤੋ ।



**ਰਾਇਆ ਅਤੇ ਸਰ੍ਹੋਂ** : ਰਾਇਆ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ 15 ਨਵੰਬਰ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ । ਗੋਭੀ ਸਰ੍ਹੋਂ ਦੀ ਪਿਛੇਤੀ ਬਿਜਾਈ ਨਾਲੋਂ ਪਨੀਰੀ ਰਾਹੀਂ ਫਸਲ ਜ਼ਿਆਦਾ ਲਾਹੇਵੰਦ ਹੈ । ਪਨੀਰੀ ਰਾਹੀਂ ਗੋਭੀ ਸਰ੍ਹੋਂ



ਬੀਜਣ ਲਈ ਕਨੋਲਾ ਕਿਸਮ ਦੀ 30 ਦਿਨਾਂ ਦੀ ਉਮਰ ਦੀ ਪਨੀਰੀ ਵਰਤੋ । ਅਗੇਤੀ ਬੀਜੀ ਰਾਇਆ ਦੀ ਫਸਲ ਨੂੰ ਪਹਿਲੇ ਪਾਣੀ ਨਾਲ 45 ਕਿਲੋ ਯੂਰੀਆ ਪਰ ਬਾਰਾਨੀ ਇਲਾਕਿਆਂ ਵਿਚ 33 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬੀਜਣ ਸਮੇਂ ਪਾਉ । ਪਿਛੇਤੀ ਬੀਜੀ (ਨਵੰਬਰ-ਦਸੰਬਰ) ਜਾਣ ਵਾਲੀ ਗੋਭੀ ਸਰ੍ਹੋਂ/ਅਫਰੀਕਨ ਸਰ੍ਹੋਂ



ਨੂੰ 25 ਪ੍ਰਤੀਸ਼ਤ ਨਾਈਟਰੋਜਨ ਘੱਟ ਪਾਓ ।

**ਕਰਨੌਲੀ** : ਕਰਨੌਲੀ ਨੂੰ 15 ਨਵੰਬਰ ਤੋਂ 45×25 ਸੈਂਟੀਮੀਟਰ ਦੇ ਫਾਸਲੇ ਤੇ ਪਨੀਰੀ ਪੁੱਟ ਕੇ ਲਾਉਣੀ ਸ਼ੁਰੂ ਕਰ ਦਿਉ । ਪਨੀਰੀ 60 ਤੋਂ 70 ਦਿਨ ਪੁਰਾਣੀ ਵਰਤੋ । 45 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰ ਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਵਰਤੋ ।

**ਚਾਰੇ ਦੀ ਕਾਸ਼ਤ** : ਬਰਸੀਮ ਦੀ ਪਹਿਲੀ ਕਟਾਈ ਕਰ ਲਵੋ । ਰੇਤਲੀ ਜ਼ਮੀਨਾਂ ਵਿੱਚ ਮੈਂਗਨੀਜ਼ ਦੀ ਘਾਟ ਵਾਲੀ ਫਸਲ ਤੇ ਕਟਾਈ ਤੋਂ 2 ਹਫਤੇ ਬਾਅਦ 0.5% ਮੈਂਗਨੀਜ਼ ਸਲਫੇਟ (1 ਕਿਲੋ ਮੈਂਗਨੀਜ਼ ਸਲਫੇਟ 200 ਲਿਟਰ ਪਾਣੀ ਪ੍ਰਤੀ ਏਕੜ) ਦਾ ਛਿੜਕਾਅ ਕਰੋ । ਮੱਕੀ ਦੀ ਫਸਲ ਜਦੋਂ ਦੋਧੀ ਹੋਵੇ ਆਚਾਰ ਬਨਾਉਣ ਲਈ ਸੰਭਾਲ ਲਵੋ । ਇਸ ਮਹੀਨੇ ਦੇ ਸ਼ੁਰੂ ਵਿੱਚ ਨੇਪੀਅਰ ਬਾਜਰੇ ਦੀ ਕਟਾਈ ਕਰ ਲਵੋ । ਪਿਛੇਤੀ ਕਟਾਈ ਕਰਨ ਨਾਲ ਇਸ ਦੇ ਮੁੱਢ ਠੰਢ ਨਾਲ ਮਰ ਜਾਂਦੇ ਹਨ । ਜੇਕਰ ਜਵੀ ਆਚਾਰ ਬਨਾਉਣ ਲਈ ਰੱਖਣੀ ਹੋਵੇ ਤਾਂ ਇਸ ਦੀ ਵੱਖਰੀ ਬਿਜਾਈ ਕਰੋ । ਨੇਪੀਅਰ ਬਾਜਰੇ ਦੀਆਂ ਕਤਾਰਾਂ ਦਰਮਿਆਨ ਜਵੀ, ਸੇਂਜੀ ਜਾਂ ਮੇਥੇ ਜਾਂ ਸਰ੍ਹੋਂ ਦੀਆਂ ਆਡਾਂ ਬੀਜ ਲਵੋ ।

**ਸਬਜ਼ੀਆਂ : ਜੜ੍ਹਾਂ ਵਾਲੀਆਂ ਸਬਜ਼ੀਆਂ** : ਮੂਲੀ (ਜਾਪਾਨੀ ਵਾਈਟ), ਸ਼ਲਗਮ ਅਤੇ ਗਾਜਰ ਦੀਆਂ ਵਲਾਇਤੀ ਯੂਰਪੀ ਕਿਸਮਾਂ ਆਦਿ ਬੀਜਣੀਆਂ ਸ਼ੁਰੂ ਕਰ ਦਿਉ । 15 ਟਨ ਗਲੀ ਸੜੀ ਰੂੜੀ ਬਿਜਾਈ ਤੋਂ ਪਹਿਲਾਂ ਚੰਗੀ ਤਰ੍ਹਾਂ ਜ਼ਮੀਨ ਵਿੱਚ ਮਿਲਾਓ । ਇਸ ਤੋਂ ਇਲਾਵਾ 55 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਵੇਲੇ ਪਾਓ । ਇਸ ਤੋਂ ਇਲਾਵਾ ਗਾਜਰ ਨੂੰ 50 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਸਮੇਂ ਪਾਉ । ਇਨ੍ਹਾਂ ਫਸਲਾਂ ਨੂੰ ਤਦ ਹੀ ਪਾਣੀ ਦਿਉ ਜਦੋਂ ਜ਼ਰੂਰਤ ਸਮਝੋ, ਨਹੀਂ ਤਾਂ ਪੱਤੇ ਬਹੁਤੇ ਵਧ ਜਾਣਗੇ ਅਤੇ ਮੂਲੀ, ਗਾਜਰ ਅਤੇ ਸ਼ਲਗਮ ਉੱਪਰ ਵਾਲਾਂ ਦਾ ਵਾਧਾ, ਫਟਣਾ, ਧੱਬੇ ਅਤੇ ਵਾਧੂ ਜੜ੍ਹਾਂ ਆਦਿ ਆ ਜਾਣਗੀਆਂ ।

**ਗੋਭੀ** : ਬੰਦ ਗੋਭੀ ਦੀ 60×45 ਸੈਂ. ਮੀ., ਚੀਨੀ ਗੋਭੀ ਦੀ 30×30 ਅਤੇ ਪਿਛੇਤੀ ਫੁੱਲ ਗੋਭੀ ਦੀ 45×30 ਸੈਂ. ਮੀ. ਦੀ ਵਿੱਥ ਤੇ ਕਤਾਰਾਂ ਵਿੱਚ 4 ਤੋਂ 6 ਹਫਤੇ ਦੀ ਗੋਭੀ ਦੀ ਪਨੀਰੀ ਪੁੱਟ ਕੇ ਲਗਾਉਣੀ ਸ਼ੁਰੂ ਕਰ ਦਿਉ । ਪਾਣੀ ਮੌਸਮ ਅਤੇ ਮਿੱਟੀ ਦੇ ਅਨੁਸਾਰ ਲਗਾਓ । ਜਿੱਥੇ ਬੂਟੇ ਮਰ ਗਏ ਹਨ, ਦੁਬਾਰਾ ਲਗਾ ਕੇ ਪਾਣੀ ਦੇ ਦਿਉ ਤਾਂ ਜੋ ਚੰਗੀ ਫਸਲ ਮਿਲੇ ।

**ਆਲੂ** : ਵਾਇਰਸ ਰੋਗ ਤੋਂ ਪ੍ਰਭਾਵਿਤ ਬੂਟੇ ਪੁੱਟ ਕੇ ਨਸ਼ਟ ਕਰ ਦਿਉ । ਖਾਦ ਦੀ ਦੂਸਰੀ ਕਿਸ਼ਤ 85 ਕਿਲੋ ਯੂਰੀਆ ਪ੍ਰਤੀ ਏਕੜ ਪਾ ਦਿਉ । ਹਲਕੀਆਂ ਜ਼ਮੀਨਾਂ ਵਿੱਚ ਇਹ ਖੁਰਾਕ ਵਧਾ ਕੇ 115 ਕਿਲੋ ਪ੍ਰਤੀ ਏਕੜ ਕਰ ਦਿਉ ਅਤੇ 40-45 ਦਿਨਾਂ ਦੀ ਫਸਲ ਦੇ ਮੁੱਢਾਂ ਤੇ ਮਿੱਟੀ ਚੜ੍ਹਾ ਦਿਉ । ਪਿਛੇਤੇ ਝੁਲਸ ਰੋਗ ਦੀ ਰੋਕਥਾਮ ਲਈ ਇੰਡੋਫਿਲ ਐਮ-45 ਜਾਂ ਮਾਸ ਐਮ-45 ਜਾਂ ਮਾਰਕਜ਼ੇਬ ਜਾਂ ਐਂਟਰਾਕੋਲ ਜਾਂ ਕਵਚ 500 ਤੋਂ 700 ਗ੍ਰਾਮ ਜਾਂ ਮਾਰਕ ਕਾਪਰ ਔਕਸੀਕਲੋਰਾਈਡ 50 ਘੁਲਣਸ਼ੀਲ ਜਾਂ ਮਾਰਕ ਕਾਪਰ 750 ਤੋਂ 1000 ਗ੍ਰਾਮ ਪ੍ਰਤੀ ਏਕੜ 250-

ਬਾਕੀ ਸਫਾ 10 'ਤੇ

# ਬਾਸਮਤੀ ਤੋਂ ਮੁਨਾਫੇ ਦੀ ਸਮਰੱਥਾ ਕਿਵੇਂ ਵਧਾਈਏ?

ਡਾ. ਮਨਮੀਤ ਮਾਨਵ,
ਮੋ. 94637-43370



ਸਾਉਣੀ ਸੀਜ਼ਨ 2024 ਦੌਰਾਨ ਪੰਜਾਬ ਵਿਚ ਬਾਸਮਤੀ ਅਧੀਨ 6.8 ਲੱਖ ਹੈਕਟੇਅਰ ਰਕਬਾ ਹੈ। ਪੰਜਾਬ ਦੇ ਉੱਚ ਗੁਣਵਤਾ ਵਾਲੇ ਬਾਸਮਤੀ ਚੌਲ ਉੱਤਰੀ ਅਮਰੀਕਾ, ਯੂਰਪ, ਮੱਧ ਪੂਰਬ ਅਤੇ ਇਰਾਨ ਦੇ ਖਪਤਕਾਰਾਂ ਦੇ ਪਸੰਦੀਦਾ ਹਨ। ਇਸ ਸਾਲ ਪੰਜਾਬ ਵਿਚ ਬਾਸਮਤੀ ਹੇਠ ਰਕਬਾ ਪਿਛਲੇ ਸਾਲ ਨਾਲੋਂ 16% ਵਧਿਆ ਹੈ। ਅਪੈਡਾ ਦੇ ਅੰਕੜਿਆਂ ਅਨੁਸਾਰ ਸਾਲ 2023 ਵਿਚ ਬਾਸਮਤੀ ਚੌਲਾਂ ਦੇ ਨਿਰਯਾਤ ਤੋਂ ਭਾਰਤ ਦੀ ਵਿਦੇਸ਼ੀ ਮੁਦਰਾ ਕਮਾਈ 48000 ਕਰੋੜ ਰੁਪਏ ਸੀ, ਜਿਸ ਵਿਚ ਪੰਜਾਬ ਨੇ ਘੱਟੋ-ਘੱਟ 40% ਯੋਗਦਾਨ ਪਾਇਆ ਸੀ ਅਤੇ ਨਿਰਯਾਤ ਦੀਆਂ ਮੁੱਖ ਕਿਸਮਾਂ ਵਿਚ ਪੰਜਾਬ ਬਾਸਮਤੀ ਪਹਿਲੇ ਸਥਾਨ 'ਤੇ ਹੈ। ਕਈ ਮਹੀਨਿਆਂ ਦੀ ਮਿਹਨਤ ਅਤੇ ਲਾਗਤ ਨਾਲ ਪਾਲੀ ਫਸਲ ਤੋਂ ਉੱਚ ਮੁੱਲ ਪਾਉਣਾ ਹਰੇਕ ਕਿਸਾਨਾਂ ਦਾ ਸੁਪਨਾ ਹੁੰਦਾ ਹੈ ਜੋ ਉਸ ਫਸਲ ਦੇ ਸਫਲ ਮੰਡੀਕਰਨ 'ਤੇ ਨਿਰਭਰ ਕਰਨਾ ਹੈ। ਉਤਪਾਦਕ ਕੋਲ ਮੰਡੀਕਰਨ ਦੇ ਕਈ ਵਿਕਲਪ ਹਨ; ਇਕ ਤਾਂ ਨਿੱਜੀ ਮੰਡੀਕਰਨ ਵਿਕਲਪ ਅਤੇ ਦੂਸਰਾ ਸੰਸਥਾਗਤ ਮੰਡੀਕਰਨ ਵਿਕਲਪ। ਨਿੱਜੀ ਮੰਡੀਕਰਨ ਵਿਕਲਪ ਵਿਚ ਬਾਸਮਤੀ ਦਾ ਸਵੈ ਮੰਡੀਕਰਨ, ਘਰੇਲੂ ਬਾਜ਼ਾਰੀਕਰਨ ਅਤੇ ਨਿਰਯਾਤ ਵਪਾਰ ਰਾਹੀਂ ਚੰਗੇ ਮੁਨਾਫੇ ਨਾਲ ਸਫਲ ਵਪਾਰ ਕਰ ਸਕਦਾ ਹੈ।

| ਬਾਸਮਤੀ ਸਫੇਦ | | | ਬਾਸਮਤੀ ਭੂਰੀ | | |
|---|---|---|---|---|---|
| ਸਪੈਸ਼ਲ | ਗ੍ਰੇਡ ਏ | ਗ੍ਰੇਡ ਬੀ | ਸਪੈਸ਼ਲ | ਗ੍ਰੇਡ ਏ | ਗ੍ਰੇਡ ਬੀ |
| ਦਾਣਿਆਂ ਦੀ ਲੰਬਾਈ (ਮਿ.ਮੀ.) | | | | | |
| 7.1 | 7.0 | 6.8 | 7.4 | 7.2 | 7.0 |
| ਲੰਬਾਈ/ਚੌੜਾਈ (min) | | | | | |
| 3.5 | 3.5 | 3.5 | 3.5 | 3.5 | 3.5 |
| ਨਮੀ ਦੀ ਮਾਤਰਾ | | | | | |
| 14 | 14 | 14 | 14 | 14 | 14 |
| ਖਰਾਬ ਹੋਏ ਦਾਣੇ (%) | | | | | |
| 0.5 | 0.7 | 1.0 | 0.5 | 0.7 | 1.0 |
| ਚਾਕੀ/ਕਾਲੇ ਦਾਣੇ (%) | | | | | |
| 3 | 5 | 7 | 3 | 5 | 7 |
| ਟੁੱਟੇ ਦਾਣੇ (%) | | | | | |
| 2 | 3 | 5 | 2 | 3 | 5 |
| ਹੋਰ ਫਸਲਾਂ ਦੀ ਅਸ਼ੁੱਧੀਆਂ (%) | | | | | |
| 0.1 | 0.1 | 0.2 | 0.1 | 0.1 | 0.2 |
| ਵਿਦੇਸ਼ੀ ਅਸ਼ੁੱਧੀਆਂ (%) | | | | | |
| 0.1 | 0.25 | 0.4 | 0.2 | 0.5 | 0.2 |
| ਹੋਰ ਕਿਸਮਾਂ ਦੇ ਚੌਲ | | | | | |
| 5 | 8 | 15 | 5 | 8 | 15 |

ਸੰਸਥਾਗਤ ਮੰਡੀਕਰਨ ਵਿਕਲਪ ਵਿਚ ਉਹ ਉਪਜ ਮੰਡੀ ਵਿਚ ਸਰਕਾਰ ਵੱਲੋਂ ਤੈਅ ਨੋਡਲ ਏਜੰਸੀਆਂ ਜਾਂ ਪ੍ਰਾਈਵੇਟ ਵਪਾਰੀਆਂ ਨੂੰ ਵੇਖ ਸਕਦਾ ਹੈ।

**ਸਵੈ-ਮੰਡੀਕਰਨ**

ਬਾਸਮਤੀ ਦਾ ਚੰਗਾ ਮੁੱਲ ਲੈਣ ਲਈ ਸਵੈ-ਮੰਡੀਕਰਨ ਇਕ ਬਹੁਤ ਵਧੀਆ ਵਿਕਲਪ ਹੈ। ਸਭ ਤੋਂ ਛੋਟਾ ਅਤੇ ਕੁਸ਼ਲ ਮਾਰਕੀਟਿੰਗ ਚੈਨਲ ਅਪਣਾਉਂਦੇ ਹੋਏ ਬਾਸਮਤੀ ਦੇ 15-20% ਹਿੱਸੇ ਦੀ ਮਿਲਿੰਗ, ਪਿੰਡਾਂ ਵਿਚ ਲਗਾਏ ਐਗਰੋ ਪ੍ਰੋਸੈਸਿੰਗ ਕੰਪਲੈਕਸਾਂ ਜਾਂ ਕਿਸਾਨ ਖੁਦ ਦੀ ਮਿੰਨੀ ਰਾਈਸ ਮਿੱਲ ਮਸ਼ੀਨ ਖਰੀਦ ਕੇ ਕਰ ਸਕਦਾ ਹੈ। ਰਾਈਸ ਮਿੱਲ ਮਸ਼ੀਨ (ਦੋ ਪੋਲੀਸ਼ਰ ਅਤੇਐਲੀਵੇਟਰਜ ਨਾਲ) ਜਿਸ ਦੀ ਮਿਲਿੰਗ ਸਮਰੱਥਾ 2.5 ਕੁਇੰਟਲ ਪ੍ਰਤੀ ਘੰਟਾ ਦੀ ਹੈ, ਦੀ ਅੰਦਾਜ਼ਨ ਕੀਮਤ 3 ਲੱਖ ਰੁਪਏ ਹੈ। ਕੁਝ ਕਿਸਾਨ ਸਮੂਹ ਬਣਾ ਕੇ ਵੀ ਇਹ ਮਸ਼ੀਨ ਖਰੀਦ ਸਕਦੇ ਹਨ ਜਾਂ ਕਿਸੇ ਐਗਰੋ ਪ੍ਰੋਸੈਸਿੰਗ ਯੂਨਿਟ ਤੋਂ ਮਿਲਿੰਗ ਕਰਵਾ ਸਕਦੇ ਹਨ। ਮਿਲਿੰਗ ਤੋਂ ਬਾਅਦ ਗ੍ਰੇਡਿੰਗ ਅਤੇ ਪੈਕਿੰਗ ਵੱਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ। ਪੈਕ ਕੀਤੇ ਬਾਸਮਤੀ ਚਾਵਲਾਂ ਦੀ ਸਿੱਧੀ ਮਾਰਕੀਟਿੰਗ (ਬਿਨਾਂ ਕਿਸੇ ਵਿਚੋਲੇ ਦੇ) ਖਪਤਕਾਰਾਂ ਤੱਕ ਜਾਂ ਰੀਟੇਲ ਆਊਟਲੈਟਾਂ 'ਤੇ ਮਾਰਕੀਟ ਰੇਟ 'ਤੇ ਕਰ ਸਕਦਾ ਹੈ। ਇਸ ਤੋਂ ਇਲਾਵਾ ਕਿਸਾਨ ਬਾਜ਼ਾਰ, ਕਿਸਾਨ ਸਿਖਲਾਈ ਕੈਂਪ, ਕਿਸਾਨ ਮੇਲੇ, ਕਿਸਾਨ ਹੱਟਸ, ਖੇਡ ਮੇਲੇ, ਵਿਰਾਸਤੀ ਮੇਲੇ, ਵਾਤਾਵਰਣ ਸੰਭਾਲ ਮੇਲੇ ਆਦਿ ਪਲੇਟਫਾਰਮਾਂ 'ਤੇ ਪੈਕਡ ਚਾਵਲਾਂ ਦੀ ਸਿੱਧੀ ਸੇਲ ਖਪਤਕਾਰਾਂ ਨੂੰ ਕਰ ਸਕਦੇ ਹੋ। ਖਪਤਕਾਰਾਂ ਨਾਲ ਭਵਿੱਖ ਵਿਚ ਸਿੱਧਾ ਸੰਪਰਕ ਰੱਖਣ ਲਈ ਉਨ੍ਹਾਂ ਦਾ ਪਤਾ, ਫੋਨ ਨੰਬਰ ਲੈ ਕੇ ਲਿਸਟ ਤਿਆਰ ਕੀਤੀ ਜਾਵੇ ਅਤੇ ਹਰ ਸਾਲ ਉਨ੍ਹਾਂ ਦੀ ਡਿਮਾਂਡ ਅਨੁਸਾਰ ਮਿਲਿੰਗ ਦੀ ਮਾਤਰਾ ਵਧਾਈ ਜਾ ਸਕਦੀ ਹੈ। ਬਾਸਮਤੀ ਦੇ ਕੁਦਰਤੀ ਭੌਤਿਕ ਗੁਣ ਅਤੇ ਸੰਵੇਦੀ ਗੁਣ (ਰੰਧ ਅਤੇ ਸਵਾਦ) ਬਰਕਰਾਰ ਰੱਖਣ ਲਈ ਗ੍ਰੇਡਿੰਗ ਅਤੇ ਸਾਫ ਸਵੱਛ ਢੁੱਕਵੀਂ ਪੈਕਿੰਗ ਕਰਨੀ ਚਾਹੀਦੀ ਹੈ ਤਾਂ ਜੋ ਉਪਜ ਦਾ ਉਚਿਤ ਰੀਟੇਲ ਮੁੱਲ ਪ੍ਰਾਪਤ ਕਰ ਸਕੇ। ਆਪਣੇ ਪ੍ਰੋਡਕਟ ਦੀ ਕੁਆਲਿਟੀ ਬਾਰੇ ਸੋਸ਼ਲ ਮੀਡੀਆ (ਵਟਸਐਪ, ਯੂ-ਟਿਊਬ, ਇੰਸਟਾਗ੍ਰਾਮ, ਫੇਸ ਬੁੱਕ) ਰਾਹੀਂ ਪ੍ਰਚਾਰ ਵੀ ਕਰ ਸਕਦੇ ਹੋ ਤਾਂ ਜੋ ਉਸ ਦੀ ਜਾਣਕਾਰੀ ਘਰ ਬੈਠੇ ਬਹੁਤ ਲੋਕਾਂ ਤੱਕ ਪਹੁੰਚ ਸਕੇ। ਨਿਰੰਤਰ ਸਪਲਾਈ ਲਈ ਗਾਹਕਾਂ ਵਿਚ ਗੁਣਵੱਤਾ ਦਾ ਭਰੋਸਾ ਬਣਾਈ ਰੱਖਣਾ ਵੀ ਜ਼ਰੂਰੀ ਹੈ।

**ਉਤਪਾਦਾਂ ਦਾ ਵਪਾਰ**

ਪ੍ਰੋਸੈਸਿੰਗ ਅਤੇ ਗ੍ਰੇਡਿੰਗ ਦੌਰਾਨ ਚਾਵਲਾਂ ਦੀ ਟੁੱਟ-ਭੱਜ ਤੋਂ ਚਾਵਲਾਂ ਦਾ ਪਾਊਡਰ/ਆਟਾ ਤਿਆਰ ਕੀਤਾ ਜਾ ਸਕਦਾ ਹੈ। ਇਸ ਆਟੇ ਤੋਂ ਬਹੁਤ ਸਾਰੇ ਰੈਡੀਮੇਡ ਨਾਸ਼ਤੇ (ਇਡਲੀ ਮਿਕਸ/ਉਤਪਮ ਮਿਕਸ/ਡੋਸਾ ਬੈਟਰ), ਸੇਵੀਆਂ, ਨੂ ਡਲਜ਼, ਪੈਨਕੇਕਸ ਮਿਕਸ, ਕੇਕ, ਪੂੜ੍ਹਾ, ਰੋਟੀ, ਪਾਪੜ ਆਦਿ ਬਣਾਏ ਜਾਂਦੇ ਹਨ। ਗਲੂਟਨ ਫਰੀ ਹੋਣ ਕਾਰਨ ਚਾਵਲਾਂ ਤੋਂ ਬਣੇ ਉਤਪਾਦਾਂ ਦੀ ਮਾਰੀਕਟ ਵਿਚ ਅੱਜ ਕੱਲ੍ਹ ਮੰਗ ਵਧੀ ਹੈ। ਰੇਡੀਮੇਡ ਸੂਪ ਪਾਉਡਰ ਤਿਆਰ ਕਰਨ ਵੇਲੇ ਚਾਵਲਾਂ ਦਾ ਆਟਾ ਸੂਪ ਨੂੰ ਸੰਘਣਾ ਕਰਨ ਵਜੋਂ ਵਰਤਿਆ ਜਾ ਸਕਦਾ ਹੈ। ਬਹੁਤ ਸਾਰੀਆਂ ਮਿਠਾਈਆਂ ਚਾਵਲਾਂ ਦੇ ਆਟੇ ਤੋਂ ਬਣਾਈਆਂ ਜਾਂਦੀਆਂ ਹਨ। ਟੋਟਾ ਚਾਵਲਾਂ ਤੋਂ ਕਈ ਉਤਪਾਦ ਤੇ ਵਿਅੰਜਨ ਤਿਆਰ ਕਰਕੇ ਉਸ ਦੇ ਮੁੱਲ ਵਿਚ ਹੋਰ ਵਾਧਾ ਕੀਤਾ ਜਾ ਸਕਦਾ ਹੈ ਅਤੇ ਮੁਨਾਫੇ ਦੀ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ। ਸੈਲਫ ਹੈਲਪ ਗਰੁੱਪ ਬਣਾ ਕੇ ਵੀ ਇਸ ਤਰ੍ਹਾਂ ਦੇ ਪ੍ਰੋਡਕਟ ਤਿਆਰ ਕੀਤੇ ਜਾ ਸਕਦੇ ਹਨ।

**ਨਿਰਯਾਤ ਵਪਾਰ**

ਭਾਰਤ ਵਿਸ਼ਵ ਮੰਡੀ ਵਿਚ ਬਾਸਮਤੀ ਚੌਲਾਂ ਦਾ ਮੁੱਖ ਨਿਰਯਾਤਕ ਹੈ। ਪੰਜਾਬ ਦੇ ਉੱਚ ਗੁਣਵਤਾ ਵਾਲੇ ਬਾਸਮਤੀ ਚੌਲ ਉੱਤਰੀ ਅਮਰੀਕਾ, ਯੂਰਪ ਮੱਧ ਪੂਰਬ ਅਤੇ ਈਰਾਨ ਦੇ ਖਪਤਕਾਰਾਂ ਦੇ ਪਸੰਦੀਦਾ ਹਨ। ਇਸ ਨਾਲ ਪੰਜਾਬ ਵਿਚ ਬਾਸਮਤੀ ਹੇਠ ਰਕਬਾ ਵੀ ਪਿਛਲੇ ਸਾਲ ਨਾਲ 16% ਵਧਿਆ ਹੈ। ਅਪੈਡਾ ਦੇ ਅੰਕੜਿਆਂ ਅਨੁਸਾਰ ਸਾਲ 2023 ਵਿਚ ਬਾਸਮਤੀ ਚੌਲਾਂ ਦੇ ਨਿਰਯਾਤ ਤੋਂ ਭਾਰਤ ਦੀ ਵਿਦੇਸ਼ੀ ਮੁਦਰਾ ਕਮਾਈ 48000 ਕਰੋੜ ਰੁਪਏ ਸੀ , ਜਿਸ ਵਿਚ ਪੰਜਾਬ ਨੇ ਘੱਟੋ-ਘੱਟ 40% ਯੋਗਦਾਨ ਪਾਇਆ ਸੀ ਅਤੇ ਨਿਰਯਾਤ ਦੀਆਂ ਮੁੱਖ ਕਿਸਮਾਂ ਵਿਚ ਪੰਜਾਬ ਬਾਸਮਤੀ ਪਹਿਲੇ ਸਥਾਨ 'ਤੇ ਹੈ।

ਬਾਸਮਤੀ ਚਾਵਲਾਂ ਦਾ ਪੂਰਾ ਮੁਨਾਫਾ ਲੈਣ ਲਈ ਅਗਰ ਤੁਸੀਂ ਨਿਰਯਾਤ ਕਰਨਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਆਪਣੀ ਫਰਮ/ਕਾਰੋਬਾਰ ਦਾ ਨੰਬਰ ਵੀ ਲੈ ਲਿਆ ਜਾਵੇ ਤਾਂ ਜੋ ਵਿਦੇਸ਼ੀ ਮੁਦਰਾ ਵਿਚ ਲੈਣ-ਦੇਣ ਲਈ ਅਧਿਕਾਰਤ ਬੈਂਕ ਵਿਚ ਚਾਲੂ ਖਾਤਾ (ਕਰੰਟ ਆਕਾਊਂਟ) ਖੁੱਲ੍ਹਵਾਇਆ ਜਾ ਸਕੇ। ਨਿਰਯਾਤ ਲਈ ਤੁਹਾਨੂੰ ਅਪੈਡਾ ਨਾਲ ਰਜਿਸਟਰ ਕਰਨਾ ਹੋਵੇਗਾ ਜਿਸ ਦੇ ਲਈ ਵੈਬਸਾਈਡ 'ਤੇ ਕਲਿਕ ਕਰੋ ਤੇ ਆਰ.ਸੀ.ਐੱਮ.ਸੀ. (ਰਜਿਸਟ੍ਰੇਸ਼ਨ ਕਮ ਮੈਂਬਰਸ਼ਿਪ ਸਰਟੀਫਿਕੇਟ) ਲਈ ਫਾਰਮ ਭਰੋ। ਇਮਪੋਰਟ-ਐਕਸਪੋਰਟ ਕੋਡ ਨੰਬਰ ਲਈ ਭਾਰਤ ਸਰਕਾਰ ਦੇ ਆਨਲਾਈਨ ਪੋਰਟਲ 'ਤੇ ਅਪਲਾਈ ਕਰ ਸਕਦੇ ਹੋ।

ਇਸ ਦੇ ਲਈ ਫਾਈਟੋਸੈਨਟਰੀ ਸਟਰੀਫਿਕੇਟ ਦੀ ਵੀ ਜ਼ਰੂਰਤ ਹੁੰਦੀ ਹੈ ਜੋ ਸਰਕਾਰੀ ਵੈਬਸਾਈਟ 'ਤੇ ਆਨਲਾਈਨ ਤੁਸੀਂ ਪ੍ਰਾਪਤ ਕਰ ਸਕਦੇ ਹੋ। ਅਗਰ ਆਨਲਾਈਨ ਅਪਲਾਈ ਕਰਨ ਵਿਚ ਦਿੱਕਤ ਹੈ ਤਾਂ ਇਹ ਸਰਟੀਫਿਕੇਟ ਲੈਣ ਲਈ ਡੀ ਜੀ ਐਫ ਟੀ (ਡਾਇਰੈਕਟਰ ਜਨਰਲ ਫੋਰਨ ਟਰੇਡ) ਦਫਤਰ (ਬਲਾਕ-ਈ, ਬੀ ਆਰ ਐਸ ਨਗਰ, ਲੁਧਿਆਣਾ) ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਬਾਸਮਤੀ ਦੇ ਖਰੀਦਦਾਰ ਲੱਭਣ ਲਈ ਅਪੈਡਾ ਵੱਲੋਂ ਲਗਾਏ ਵਪਾਰ ਮੇਲਿਆਂ, ਵਰਗੇ ਆਨਲਾਈਨ ਬਜ਼ਾਰਾਂ ਰਾਹੀਂ ਸਿੱਧੇ ਆਯਾਤਕਾਂ ਨਾਲ ਨਿਰਯਾਤ ਵਪਾਰ ਲਈ ਸੰਪਰਕ ਕਰ ਸਕਦੇ ਹੋ।

**ਐਗਮਾਰਕ ਪ੍ਰਮਾਣਿਕਤਾ**

ਐਗਮਾਰਕ ਭਾਰਤ ਸਰਕਾਰ ਦੀ ਕੁਆਲਿਟੀ ਪ੍ਰਮਾਣਿਕਤਾ ਸਕੀਮ ਹੈ ਜਿਸ ਅਧੀਨ ਖੇਤੀਬਾੜੀ ਤੇ ਸਹਾਇਕ ਧੰਦਿਆਂ (ਬਾਗਬਾਨੀ, ਪਸ਼ੂ ਧਨ, ਮਧੂ ਮੱਖੀਪਾਲਣ) ਤੋਂ ਪ੍ਰਾਪਤ ਉਤਪਾਦਾਂ ਦੀ ਕੁਆਲਿਟੀ ਦੇ ਅਧਾਰ 'ਤੇ ਦਰਜਾਬੰਦੀ ਕਰਕੇ ਪੈਕਿੰਗ ਤੇ ਮਾਰਕਿੰਗ ਕਰਵਾਈ ਜਾਂਦੀ ਹੈ। ਬਾਸਮਤੀ ਦੇ ਨਿਰਯਾਤ ਵਪਾਰ ਲਈ ਐਗਮਾਰਕ ਪ੍ਰਮਾਣਿਕਤਾ ਲਾਜ਼ਮੀ ਹੈ। ਐਗਮਾਰਕ ਪ੍ਰਮਾਣਿਕਤਾ ਲਈ ਭਾਰਤ ਸਰਕਾਰ ਦੀ ਸਾਈਟ 'ਤੇ ਜਾ ਕੇ ਐਗਮਾਰਕ ਦਾ ਸੀ.ਏ. ਸਰਟੀਫਿਕੇਟ ਆਫ ਆਥੋਰਾਈਜੇਸ਼ਨ (ਅਧਿਕਾਰ ਪੱਤਰ) ਪ੍ਰਾਪਤ ਕਰ ਸਕਦੇ ਹੋ। ਪ੍ਰਮਾਣਿਤ ਬਾਸਮਤੀ ਦੇ ਮਾਪਦੰਡਾਂ ਦੀ ਪੂਰੀ ਜਾਣਕਾਰੀ ਲਈ ਬਾਸਮਤੀ ਦੇ ਗ੍ਰੇਡ ਦੇ ਮਾਪਦੰਡ ਦੇਖ ਸਕਦੇ ਹੋ।

**ਬਾਸਮਤੀ ਦਾ ਘਰੇਲੂ ਵਪਾਰ**

ਮੰਡੀਆਂ ਵਿਚ ਬਾਸਮਤੀ ਝੋਨਾ ਲਿਜਾਉਣ ਤੋਂ ਪਹਿਲਾਂ ਵੱਖ-ਵੱਖ ਮੰਡੀਆਂ ਦੇ ਰੋਜ਼ਾਨਾ ਦੇ ਰੇਟ ਪਤਾ ਕਰ ਕੇ ਉਸ ਮੁਤਾਬਿਕ ਵੱਧ ਮੁੱਲ ਮੁਹੱਈਆ ਕਰਾਉਣ ਵਾਲੀ ਮੰਡੀ ਵਿਚ ਜਿਨਸ ਲੈ ਕੇ ਜਾਓ। ਕੁਝ ਮੰਡੀਆਂ ਜਿੱਥੇ ਰਾਈਸ ਪ੍ਰੋਸੈਸਿੰਗ ਅਤੇ ਐਕਸਪੋਰਟ ਕਰਨ ਵਾਲੀਆਂ ਕੰਪਨੀਆਂ ਜਿਵੇਂ ਕਿ ਖਭਲ, ਲਾਲ ਕਿਲ੍ਹਾ ਰਾਈਸ ਐਕਸਪੋਰਟਰ, ਹਰਿਆਣਾ ਦੇ ਪ੍ਰਾਈਵੇਟ ਖਰੀਦਦਾਰਾਂ ਵਲੋਂ ਪੰਜਾਬ ਦੇ ਉਤਪਾਦਕਾਂ ਤੋਂ ਬਾਸਮਤੀ ਦੀ ਸਭ ਤੋਂ ਵੱਧ ਖਰੀਦ ਕੀਤੀ ਜਾਂਦੀ ਹੈ, ਅਜਿਹੀਆਂ ਮੰਡੀਆਂ ਤੱਕ ਉਪਜ ਦੀ ਪਹੁੰਚ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਦੀਆਂ ਕੁਝ ਮੰਡੀਆਂ ਜਿਵੇਂ ਕਿ ਰਾਜਪੁਰਾ, ਖੰਨਾ, ਚੀਕਾ, ਜਗਰਾਉਂ ਆਦਿ ਜਿੱਥੇ ਬਾਸਮਤੀ ਦੇ ਰੇਟ ਜ਼ਿਆਦਾਤਰ ਵੱਧ ਹੁੰਦੇ ਹਨ, ਅਜਿਹੀਆਂ ਮੰਡੀਆਂ ਰਾਹੀਂ ਮੰਡੀਕਰਨ ਕਰ ਕੇ ਜਿਨਸ ਦਾ ਉੱਚ ਮੁੱਲ ਪਾ ਸਕਦੇ ਹੋ। ਅਜਿਹੇ ਯਤਨਾਂ ਨਾਲ ਕਿਸਾਨਾਂ ਨੂੰ ਕਾਫੀ ਹੱਦ ਤੱਕ ਫਾਇਦਾ ਹੋ ਸਕਦਾ ਹੈ।

**ਨਿਰਧਾਰਤ ਮਾਪਦੰਡ**

ਬਾਸਮਤੀ ਦੇ ਨਿਰਯਾਤ ਵਪਾਰ ਲਈ ਨਿਰਧਾਰਿਤ ਗੁਣਵੱਤਾ ਮਾਪਦੰਡ (ਅਪੈਡਾ ਅਤੇ ਐਗਮਾਰਕ ਅਨੁਸਾਰ ਜਿਨਸ ਦਾ ਉੱਚ ਵਪਾਰਕ ਮੁੱਲ ਲੈਣ ਲਈ ਨਿਰਧਾਰਿਤ ਗੁਣਵੱਤਾ ਮਾਪਦੰਡਾਂ 'ਤੇ ਪੂਰਾ ਉਤਰਨ ਨੂੰ ਯਕੀਨੀ ਬਣਾਇਆ ਜਾਵੇ। ਨਿਰਧਾਰਿਤ ਮਾਪਦੰਡਾਂ ਅਨਸਾਰ ਆਪਣੇ ਪੱਧਰ 'ਤੇ ਜਿਨਸ ਦੀ ਗ੍ਰੇਡਿੰਗ ਕੀਤੀ ਜਾਣੀ ਚਾਹੀਦੀ ਹੈ। ਜਿਨਸ ਪੂਰੀ ਤਰ੍ਹਾਂ ਸੁੱਕੀ, ਸਾਫ ਸਵੱਛ, ਸੁਗੰਧਿਤ, ਦਾਣਿਆਂ ਦੇ ਰੰਗ ਅਤੇ ਸਾਈਜ਼ ਦੀ ਇਕਸਾਰਤਾ ਹੋਣੀ ਚਾਹੀਦੀ ਹੈ। ਇਹ ਰੰਧ, ਉੱਲੀ, ਕੀੜਿਆਂ ਅਤੇ ਅਸ਼ੁੱਧੀਆਂ ਤੋਂ ਰਹਿਤ ਹੋਣੀ ਚਾਹੀਦੀ ਹੈ, ਤਾਂ ਜੋ ਮੰਡੀਕਰਨ ਸੌਖਾਲਾ, ਸੁਚੱਜਾ, ਸਮੇਂ ਸਿਰ, ਕੁਸ਼ਲ ਅਤੇ ਉੱਚ ਮੁੱਲ ਦਿਵਾਉਣ ਵਾਲਾ ਹੋਵੇ।





# ਝੋਨੇ ਦੇ ਮੰਡੀਕਰਨ ਵਿਚ ਆਉਂਦੀਆਂ ਰੁਕਾਵਟਾਂ ਦੂਰ ਕੀਤੀਆਂ ਜਾਣ



ਬਲਬੀਰ ਸਿੰਘ ਰਾਜੇਵਾਲ,
ਪ੍ਰਧਾਨ ਬੀ.ਕੇ.ਯੂ. ਭਗਵਾਨਪੁਰਾ ਰੋਡ,
ਸਮਰਾਲਾ, ਜ਼ਿਲ੍ਹਾ ਲੁਧਿਆਣਾ-141114
ਮੋਬਾਇਲ : 98142-28005

ਇਸ ਵੇਲੇ ਝੋਨੇ ਦੀ ਵਾਢੀ ਪੰਜਾਬ ਵਿਚ ਸਿਖਰਾਂ ਉੱਤੇ ਹੈ। ਇਹ ਸਾਡੀ ਮੁੱਖ ਫਸਲ ਹੈ। ਸਰਕਾਰੀ ਅੰਦਾਜ਼ੇ ਅਨੁਸਾਰ ਇਸ ਵਾਰ ਪੰਜਾਬ ਵਿਚ 185 ਲੱਖ ਟਨ ਝੋਨਾ ਮੰਡੀਆਂ ਵਿਚ ਆਵੇਗਾ। ਇਸ ਵਿਚੋਂ 124 ਲੱਖ ਟਨ ਚਾਵਲ ਨਿਕਲੇਗਾ। ਜਦੋਂ ਵੀ ਝੋਨੇ ਦੀ ਫਸਲ ਮੰਡੀ ਵਿਚ ਆਉਣੀ ਸ਼ੁਰੂ ਹੁੰਦੀ ਹੈ, ਉਸ ਦੀ ਖਰੀਦ ਬਾਰਦਾਨਾ, ਲਿਫਟਿੰਗ, ਢੋ-ਢੁਆਈ ਅਤੇ ਪ੍ਰਾਸੈਸ ਕਰਕੇ ਚਾਵਲ ਕੇਂਦਰੀ ਏਜੰਸੀ ਐਫ.ਸੀ.ਆਈ. ਨੂੰ ਦੇਣ ਤੱਕ ਦੇ ਪ੍ਰਬੰਧ ਕਰਨੇ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਇਹ ਸਾਰੇ ਪ੍ਰਬੰਧ ਸਰਕਾਰ ਨੇ ਸਤੰਬਰ ਮਹੀਨੇ ਦੇ ਅੰਤ ਤੱਕ ਹਰ ਹਾਲ ਮੁਕੰਮਲ ਕਰਨੇ ਹੁੰਦੇ ਹਨ। ਝੋਨੇ ਦੀ ਖਰੀਦ ਲਈ ਕੇਂਦਰ ਸਰਕਾਰ ਰਾਹੀਂ ਸਾਡਾ ਰਿਜ਼ਰਵ ਬੈਂਕ ਸੂਬਾ ਸਰਕਾਰ ਨੂੰ ਪੈਸੇ ਦਾ ਪ੍ਰਬੰਧ ਕਰਕੇ ਦਿੰਦਾ ਹੈ, ਜਿਸ ਨੂੰ ਸੀ.ਸੀ.ਐੱਲ, ਲਿਮਟ ਆਖਦੇ ਹਨ। ਜਿਓਂ ਜਿਓਂ ਸਾਡੇ ਰਾਈਸ ਮਿੱਲਾਂ ਵਿਚ ਝੋਨਾ ਛੜ ਕੇ ਚਾਵਲ ਐਫ.ਸੀ.ਆਈ. ਕੋਲ ਜਮ੍ਹਾ ਹੋਈ ਜਾਂਦੇ ਹਨ, ਉਸ ਦੀ ਕੀਮਤ ਸਾਡੀ ਲਿਮਟ ਦੇ ਖਾਤੇ ਵਿਚ ਜਮ੍ਹਾ ਹੋਈ ਜਾਂਦੀ ਹੈ। ਇਸ ਵਰ੍ਹੇ ਪੰਜਾਬ ਵਿਚੋਂ ਝੋਨਾ ਖਰੀਦਣ ਲਈ 43340 ਕਰੋੜ ਦੀ ਲਿਮਟ ਜਾਰੀ ਹੋ ਚੁੱਕੀ ਹੈ।

ਪੰਜਾਬ ਦੀਆਂ ਮੰਡੀਆਂ ਇਸ ਵੇਲੇ ਝੋਨੇ ਨਾਲ ਨੱਕੋ ਨੱਕ ਭਰੀਆਂ ਪਈਆਂ ਹਨ। ਹਰ ਮੰਡੀ ਦੇ ਬਾਹਰ ਵੀ ਥਾਂ ਦੀ ਘਾਟ ਕਾਰਨ ਖੇਤਾਂ ਵਿਚ ਵੀ ਝੋਨੇ ਦੀਆਂ ਢੇਰੀਆਂ ਦੇ ਅੰਬਾਰ ਲੱਗੇ ਪਏ ਹਨ। ਖੇਤਾਂ ਵਿਚ ਸਾਰੀ ਫਸਲ ਪੱਕੀ ਖੜ੍ਹੀ ਹੈ ਅਤੇ ਇਸ ਦੀ ਕਟਾਈ ਜ਼ੋਰਾਂ ਉੱਤੇ ਹੈ। ਕਿਸਾਨ ਜੇ ਪੱਕੀ ਫਸਲ ਨੂੰ ਕੱਟਣ ਵਿਚ ਦੇਰੀ ਕਰਦੇ ਹਨ ਤਾਂ ਝੋਨਾ ਜਿੱਥੇ ਖੇਤਾਂ ਵਿਚ ਝੜਨਾ ਸ਼ੁਰੂ ਹੋ ਜਾਂਦਾ ਹੈ, ਉੱਥੇ ਬਹੁਤੀ ਥਾਈਂ ਤੇਲੇ ਦੀ ਬਿਮਾਰੀ ਦਾ ਖਤਰਾ ਵੀ ਖੜ੍ਹਾ ਹੋ ਜਾਂਦਾ ਹੈ।

ਝੋਨੇ ਦੀ ਖਰੀਦ ਹਰ ਸਾਲ ਪਹਿਲੀ ਅਕਤੂਬਰ ਤੋਂ ਪੂਰੇ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਜਾਂਦੀ ਹੈ। ਅਕਤੂਬਰ ਮਹੀਨਾ ਅਰਥਾਤ ਝੋਨੇ ਦੀ ਵਾਢੀ ਦਾ ਸੀਜ਼ਨ ਖਤਮ ਹੋਣ ਕਿਨਾਰੇ ਹੈ, ਪਰ ਸਰਕਾਰ ਨੇ ਹਾਲਾਂ ਤੱਕ ਇਸ ਦੀ ਖਰੀਦ ਆਦਿ ਦੇ ਪ੍ਰਬੰਧ ਨਹੀਂ ਕੀਤੇ। ਮੰਡੀਆਂ ਦੀ ਲੇਬਰ ਇਸ ਗੱਲੋਂ ਨਾਰਾਜ਼ ਹੈ ਕਿ ਉਸ ਨੂੰ ਸਾਡੇ ਗੁਆਂਢੀ ਰਾਜ ਹਰਿਆਣੇ ਨਾਲੋਂ ਵੀ ਕਿਤੇ ਘੱਟ ਮਜ਼ਦੂਰੀ ਮਿਲਦੀ ਹੈ। ਆੜ੍ਹਤੀ ਨਿਰਾਸ਼ ਹਨ, ਕਿਉਂਕਿ ਉਨ੍ਹਾਂ ਨੂੰ ਮੰਡੀਕਰਨ ਕਾਨੂੰਨ ਅਨੁਸਾਰ ਕੇਂਦਰ ਸਰਕਾਰ ਢਾਈ ਪ੍ਰਤੀਸ਼ਤ ਆੜ੍ਹਤ ਨਾ ਦੇ ਕੇ ਉੱਕਾ ਪੁੱਕਾ 46 ਰੁਪਏ ਕੁਇੰਟਲ ਅਰਥਾਤ 12 ਰੁਪਏ ਪ੍ਰਤੀ ਕੁਇੰਟਲ ਘੱਟ ਅਦਾਇਗੀ ਕਰਦੀ ਹੈ। ਸ਼ੈਲਰ ਮਾਲਕ ਨਿਰਾਸ਼ ਹਨ, ਕਿਉਂਕਿ ਉਨ੍ਹਾਂ ਨੂੰ ਵੀ ਜਿੱਥੇ ਗੁਆਂਢੀ ਰਾਜਾਂ ਨਾਲੋਂ ਘੱਟ ਛੜਾਈ ਮਿਲਦੀ ਹੈ, ਉੱਥੇ ਪੰਜਾਬ ਸਰਕਾਰ ਵਲੋਂ ਕੋਈ ਵੀ ਉਪਰਾਲੇ ਨਾ ਕਰਨ ਕਾਰਨ ਪਿਛਲੇ ਸਾਲ ਝੋਨੇ ਵਿਚੋਂ ਕੱਢੇ ਚਾਵਲ ਰੱਖਣ ਲਈ ਐੱਫ.ਸੀ.ਆਈ. ਨੇ ਪੰਜਾਬ ਤੋਂ ਬਾਹਰ ਜਗ੍ਹਾ ਨਹੀਂ ਦਿੱਤੀ। ਪਿਛਲੇ ਸਾਲ ਗਰਮੀਆਂ ਕਾਰਨ ਚਾਵਲਾਂ ਦੀ ਚੋਖੀ ਸੇਕ ਵੀ ਚਲੀ ਗਈ ਅਤੇ ਦੂਜੇ ਪਾਸੇ ਝੋਨੇ ਲਈ ਜਗ੍ਹਾ ਦੀ ਕਮੀ ਕਾਰਨ ਸਮੇਂ ਸਿਰ ਛੜਾਈ ਨਾ ਹੋਣ ਕਾਰਨ ਚਾਵਲ ਵੀ ਬਦਰੰਗ ਹੋ ਗਿਆ ਅਤੇ ਟੋਟਾ ਵੀ ਵੱਧ ਬਣਿਆ। ਸਿੱਟੇ ਵਜੋਂ ਪਿਛਲੇ ਸਾਲ ਪੰਜਾਬ ਦੀ ਰਾਈਸ ਸਨਅਤ ਨੂੰ 3000 ਕਰੋੜ ਤੋਂ ਵੱਧ ਦਾ ਨੁਕਸਾਨ ਹੋ ਗਿਆ। ਪੰਜਾਬ ਸਰਕਾਰ ਨੇ ਪੰਜਾਬ ਤੋਂ ਕਣਕ ਅਤੇ ਚਾਵਲ ਬਾਹਰਲੇ ਰਾਜਾਂ ਨੂੰ ਭੇਜਣ ਲਈ ਕੋਈ ਉਪਰਾਲੇ ਨਹੀਂ ਕੀਤੇ। ਸਿੱਟੇ ਵਜੋਂ ਅੱਜ ਪੰਜਾਬ ਦੇ ਗੁਦਾਮਾਂ ਵਿਚ 132 ਲੱਖ ਟਨ ਕਣਕ ਅਤੇ ਚਾਵਲ ਭਰੇ ਪਏ ਹਨ। ਨਵੀਂ ਫਸਲ ਦੇ ਚਾਵਲ ਬਣਾਉਣ ਲਈ ਤੇ ਝੋਨਾ ਸ਼ੈਲਰਾਂ ਵਿਚ ਲੁਆਉਣ ਲਈ ਕੋਈ ਥਾਂ ਨਹੀਂ। ਇੰਜ ਪੰਜਾਬ ਸਰਕਾਰ ਝੋਨੇ ਦੀ ਫਸਲ ਲਈ ਅੱਜ ਤੱਕ ਪ੍ਰਬੰਧ ਮੁਕੰਮਲ ਨਹੀਂ ਕਰ ਸਕੇ। ਅਸੀਂ ਦੇਖਦੇ ਰਹੇ ਹਾਂ ਕਿ ਪਿਛੋਕੜ ਵਿਚ ਜਿਸ ਦੀ ਮਰਜ਼ੀ ਸਰਕਾਰ ਰਹੀ ਹੋਵੇ, ਪੰਜਾਬ ਦਾ ਖੁਰਾਕ ਮੰਤਰੀ ਹਮੇਸ਼ਾਂ ਕੇਂਦਰੀ ਖੁਰਾਕ ਮੰਤਰੀ, ਰੇਲਵੇ ਅਤੇ ਕੇਂਦਰੀ ਖੁਰਾਕ ਏਜੰਸੀਆਂ ਦੇ ਲਗਾਤਾਰ ਸੰਪਰਕ ਵਿਚ ਰਹਿੰਦਾ ਸੀ। ਉਸ ਦਾ ਇਕ ਪੈਰ ਦਿੱਲੀ ਅਤੇ ਦੂਜਾ ਚੰਡੀਗੜ੍ਹ ਹੁੰਦਾ ਸੀ। ਸਮੇਂ ਦਾ ਮੁੱਖ ਮੰਤਰੀ ਵੀ ਜਦੋਂ ਲੋੜ ਹੋਵੇ, ਪੰਜਾਬ ਤੋਂ ਗੁਦਾਮ ਖਾਲੀ ਕਰਵਾਉਣ ਲਈ ਹਮੇਸ਼ਾ ਪੱਬਾਂ ਭਾਰ ਹੁੰਦਾ ਸੀ। ਪਰ ਸਾਡੇ ਨਵੇਂ ਖੁਰਾਕ ਮੰਤਰੀ ਅਤੇ ਮੁੱਖ ਮੰਤਰੀ ਨੇ ਸਮੇਂ ਸਿਰ ਕੇਂਦਰ ਸਰਕਾਰ ਕੋਲ ਪਹੁੰਚ ਨਹੀਂ ਕੀਤੀ। ਜੇ ਪੰਜਾਬ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਸਮੇਂ ਸਿਰ ਨਿਭਾਈ ਹੁੰਦੀ ਤਾਂ ਨਾ ਤਾਂ ਪੰਜਾਬ ਦੀ ਰਾਈਸ ਇੰਡਸਟਰੀ ਡੁੱਬਦੀ ਅਤੇ ਨਾ ਹੀ ਪੰਜਾਬ ਦੇ ਗੁਦਾਮ ਅਨਾਜ ਨਾਲ ਤੂੜੇ ਹੁੰਦੇ। ਸਾਰੇ ਗੁਦਾਮ ਖਾਲੀ ਹੁੰਦੇ ਤਾਂ ਮੰਡੀਆਂ ਵਿਚ ਕੋਈ ਮੁਸੀਬਤ ਨਾ ਹੁੰਦੀ। ਇਸ ਵੇਲੇ ਮੰਡੀਆਂ ਵਿਚ ਹਲਚਲ ਮੱਚੀ ਹੋਈ ਹੈ। ਨਾ ਮੰਡੀਆਂ ਵਿਚ ਝੋਨਾ ਰੱਖਣ ਲਈ ਥਾਂ ਹੈ ਅਤੇ ਨਾ ਗੁਦਾਮਾਂ ਵਿਚ ਚਾਵਲ ਰੱਖਣ ਲਈ। ਸਰਕਾਰ ਨੇ ਝੋਨੇ ਦੀ ਖਰੀਦ ਦਾ ਅੱਧੋਂ ਵੱਧ ਸੀਜ਼ਨ ਲੰਘ ਜਾਣ ਉੱਤੇ ਵੀ ਢੁੱਕਵੇਂ ਪ੍ਰਬੰਧ ਨਹੀਂ ਕੀਤੇ। ਝੋਨੇ ਦੇ ਭਾਅ ਲੰਘੇ ਡੰਗ ਲਗਦੇ ਹਨ। ਉਸਨੂੰ ਚੁੱਕ ਕੇ ਸ਼ੈਲਰਾਂ ਵਿਚ ਪਹੁੰਚਾਉਣ ਲਈ ਨਾ ਤਾਂ ਟ੍ਰਾਂਸਪੋਰਟ ਦੇ ਸਰਕਾਰ ਨੇ ਟੈਂਡਰ ਦਿੱਤੇ ਹਨ ਅਤੇ ਨਾ ਝੋਨਾ ਛੜਨ ਲਈ ਸ਼ੈਲਰਾਂ ਨੂੰ ਅਲਾਟਮੈਂਟ ਕੀਤੀ ਹੈ, ਕਿਉਂਕਿ ਝੋਨਾ ਛੜ ਕੇ ਗੁਦਾਮਾਂ ਵਿਚ ਚਾਵਲ ਰੱਖਣ ਲਈ ਬਿਲਕੁਲ ਹੀ ਥਾਂ ਨਹੀਂ, ਇਸੇ ਕਾਰਨ ਸ਼ੈਲਰਾਂ ਵਾਲੇ ਸਰਕਾਰ ਨਾਲ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ। ਸਰਕਾਰ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਪੁਲਿਸ ਅਤੇ ਪ੍ਰਸ਼ਾਸਨ ਰਾਹੀਂ ਕਈ ਆੜ੍ਹਤੀਆਂ ਨੂੰ ਧਮਕਾਉਂਦੀ ਹੈ ਅਤੇ ਕਦੀ ਸ਼ੈਲਰ ਮਾਲਕਾ ਨੂੰ। 'ਬੂਹੇ ਆਈ ਜੰਞ, ਵਿਨੋਂ ਕੁੜੀ ਤੇ ਕੰਨ' ਵਾਲੀ ਸਥਿਤੀ ਬਣੀ ਹੋਈ ਹੈ। ਮੁੱਖ ਮੰਤਰੀ 14 ਅਕਤੂਬਰ ਨੂੰ ਕੇਂਦਰੀ ਖੁਰਾਕ ਮੰਤਰੀ ਨੂੰ ਮਿਲ ਕੇ ਜ਼ਰੂਰ ਆਏ ਹਨ, ਪਰ ਸਮੱਸਿਆ ਉੱਥੇ ਦੀ ਉੱਥੇ ਹੀ ਹੈ। ਕੋਈ ਹੱਲ ਨਹੀਂ ਨਿਕਲਿਆ

ਪੰਜਾਬ ਦੀਆਂ ਮੰਡੀਆਂ ਇਸ ਵੇਲੇ ਝੋਨੇ ਨਾਲ ਨੱਕੋ ਨੱਕ ਭਰੀਆਂ ਪਈਆਂ ਹਨ। ਹਰ ਮੰਡੀ ਦੇ ਬਾਹਰ ਵੀ ਥਾਂ ਦੀ ਘਾਟ ਕਾਰਨ ਖੇਤਾਂ ਵਿਚ ਵੀ ਝੋਨੇ ਦੀਆਂ ਢੇਰੀਆਂ ਦੇ ਅੰਬਾਰ ਲੱਗੇ ਪਏ ਹਨ। ਖੇਤਾਂ ਵਿਚ ਸਾਰੀ ਫਸਲ ਪੱਕੀ ਖੜ੍ਹੀ ਹੈ ਅਤੇ ਇਸ ਦੀ ਕਟਾਈ ਜ਼ੋਰਾਂ ਉੱਤੇ ਹੈ। ਕਿਸਾਨ ਜੇ ਪੱਕੀ ਫਸਲ ਨੂੰ ਕੱਟਣ ਵਿਚ ਦੇਰੀ ਕਰਦੇ ਹਨ ਤਾਂ ਝੋਨਾ ਜਿੱਥੇ ਖੇਤਾਂ ਵਿਚ ਝੜਨਾ ਸ਼ੁਰੂ ਹੋ ਜਾਂਦਾ ਹੈ, ਉੱਥੇ ਬਹੁਤੀ ਥਾਈਂ ਤੇਲੇ ਦੀ ਬਿਮਾਰੀ ਦਾ ਖਤਰਾ ਵੀ ਖੜ੍ਹਾ ਹੋ ਜਾਂਦਾ ਹੈ।

ਪੰਜਾਬ ਵਿਚ ਇਸ ਵੇਲੇ ਪਿਛਲੇ ਸਾਲਾਂ ਦਾ 132 ਲੱਖ ਟਨ ਅਨਾਜ ਗੁਦਾਮਾਂ ਵਿਚ ਪਿਆ ਹੈ। ਜਦੋਂ ਤੱਕ ਇਹ ਲੋੜਵੰਦ ਰਾਜਾਂ ਨੂੰ ਨਹੀਂ ਜਾਂਦਾ। ਮੌਜੂਦਾ ਝੋਨੇ ਵਿਚੋਂ ਨਿਕਲਣ ਵਾਲਾ 124 ਲੱਖ ਟਨ ਚਾਵਲ ਕਿੱਥੇ ਜਾਵੇਗਾ ? ਰਾਜ ਸਰਕਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ 31 ਮਾਰਚ 2025 ਤੱਕ ਗੁਦਾਮਾਂ ਵਿਚੋਂ 120 ਲੱਖ ਟਨ ਚਾਵਲ ਲਾਉਣ ਲਈ ਰੇਲਵੇ ਸਪੈਸ਼ਲਾਂ ਰਾਹੀਂ ਜਗ੍ਹਾ ਬਣਾ ਦੇਵੇਗੀ ਇਸ ਵੇਲੇ ਪੰਜਾਬ ਵਿਚ ਹਰ ਰੋਜ਼ ਦਸ ਸਪੈਸ਼ਲਾਂ ਚਾਵਲ ਅਤੇ ਦਸ ਸਪੈਸ਼ਲਾਂ ਕਣਕ ਦੀਆਂ ਬਾਹਰ ਭੇਜੀਆਂ ਜਾ ਰਹੀਆਂ ਹਨ। ਤਕਨੀਕੀ ਤੌਰ 'ਤੇ ਕਣਕ ਵਾਲੇ ਗੁਦਾਮਾਂ ਵਿਚ ਐਫ.ਸੀ.ਆਈ. ਚਾਵਲ ਸਟੋਰ ਨਹੀਂ ਕਰਦੀ। ਇਕ ਸਪੈਸ਼ਲ ਵਿਚ ਵੱਧ ਤੋਂ ਵੱਧ 3000 ਟਨ ਚਾਵਲ ਜਾਂਦਾ ਹੈ ਅਰਥਾਤ ਹਰ ਰੋਜ਼ 10 ਸਪੈਸ਼ਲਾਂ ਰਾਹੀਂ 30 ਹਜ਼ਾਰ ਟਨ ਜਾਂਦਾ ਹੈ, ਇਕ ਮਹੀਨੇ ਵਿਚ 9 ਲੱਖ ਟਨ ਚਾਵਲ ਜਾਏਗਾ। ਇੰਜ ਮਾਰਚ ਤੱਕ 5 ਮਹੀਨੇ ਵਿਚ 45 ਲੱਖ ਟਨ ਦੀ ਜਗ੍ਹਾ ਗੁਦਾਮਾਂ ਵਿਚ ਖਾਲੀ ਹੋਵੇਗੀ। ਉਸ ਤੋਂ ਬਾਅਦ ਗਰਮੀ ਦਾ ਮੌਸਮ ਸ਼ੁਰੂ ਹੋ ਜਾਵੇਗਾ ਅਤੇ ਝੋਨਾ ਅਤੇ ਇਸ ਵਿਚਲਾ ਚਾਵਲ ਖਰਾਬ ਹੋਣਾ ਸ਼ੁਰੂ ਹੋ ਜਾਵੇਗਾ। ਇੰਜ ਬਾਕੀ ਬਚਦੇ 80 ਲੱਖ ਟਨ ਚਾਵਲ ਦਾ ਕੀ ਬਣੇਗਾ ? ਮੰਨ



ਲਓ ਸਰਕਾਰ 10 ਲੱਖ ਟਨ ਚਾਵਲ ਸ਼ਰਾਬ ਫੈਕਟਰੀਆਂ ਅਤੇ ਇਥਾਨੌਲ ਦੀਆਂ ਫੈਕਟਰੀਆਂ ਨੂੰ ਵੀ ਕੇਂਦਰ ਤੋਂ ਆਗਿਆ ਲੈ ਕੇ ਦੇ ਦੇਵੇ। ਬਾਕੀ ਬਚਦਾ 70 ਲੱਖ ਟਨ ਪੰਜਾਬ ਅਤੇ ਪੰਜਾਬ ਦੀ ਮਿਲਿੰਗ ਇੰਡਸਟਰੀ ਨੂੰ ਲੈ ਬੈਠੇਗਾ। ਅਗਲੇ ਅਪ੍ਰੈਲ ਮਹੀਨੇ 135 ਲੱਖ ਟਨ ਕਣਕ ਹੋਰ ਆ ਜਾਵੇਗੀ। ਸਰਕਾਰ ਉਸ ਨੂੰ ਕਿੱਥੇ ਰੱਖੇਗੀ ? ਸਪੱਸ਼ਟ ਹੈ ਕਿ ਇਸ ਸਾਲ ਝੋਨੇ ਦੀ ਬਰਬਾਦੀ ਅਤੇ ਅਗਲੇ ਸਾਲ ਤੋਂ ਛੁੱਟੀ।

ਗੱਲ ਇੱਥੇ ਹੀ ਨਹੀਂ ਮੁੱਕਦੀ। ਸਰਕਾਰ ਦੀ ਮਿਲੀਭੁਗਤ ਨਾਲ ਪੰਜਾਬ ਦਾ ਮੰਡੀਕਰਨ ਦਾ ਢਾਂਚਾ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦਾ ਸਾਜਿਸ਼ ਵੀ ਸਪੱਸ਼ਟ ਦਿਖਾਈ ਦੇਣ ਲੱਗੀ ਹੈ। ਕੇਂਦਰ ਸਰਕਾਰ ਪੰਜਾਬ ਪ੍ਰਤੀ ਸੁਹਿਰਦ ਹੀ ਨਹੀਂ, ਨਫਰਤ ਵੀ ਪਾਲੀ ਬੈਠੀ ਹੈ। ਸਮਝਣਾ ਚਾਹੀਦਾ ਹੈ ਕਿ ਕੇਂਦਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦਾ ਵਿਰੋਧ ਸਭ ਤੋਂ ਵੱਧ ਪੰਜਾਬ ਨੇ ਹੀ ਕੀਤਾ ਹੈ। ਉਹ ਕਾਰਪੋਰੇਟ ਖੇਤੀ ਲਈ ਤਰਲੋ ਮੱਛੀ ਹੋ ਰਹੇ ਹਨ। ਪੰਜਾਬ ਦਾ ਝੋਨਾ ਅਤੇਅਗਲੀ ਕਣਕ ਦੀ ਫਸਲ ਨੂੰ ਰੋਲ ਕੇ ਉਹ ਇਕ ਤੀਰ ਨਾਲ ਦੋ ਨਿਸ਼ਾਨੇ ਸਾਧੀ ਬੈਠੇ ਹਨ। ਸਾਡੇ ਪੰਜਾਬ ਦੇ ਹੁਕਮਰਾਨ ਇਸ ਸੰਬੰਧੀ ਸੁਚੇਤ ਨਹੀਂ ਹਨ। ਇਸ ਸਾਲ ਜੇ ਪੂਰਾ ਚਾਵਲ ਕੇਂਦਰ ਨੂੰ ਦੇ ਕੇ ਸੀ. ਸੀ. ਲਿਮਿਟ ਪੂਰੀ ਵਾਪਸ ਨਾ ਕੀਤੀ ਤਾਂ ਪੰਜਾਬ ਸਿਰ ਬਕਾਇਆ ਲਿਮਟ ਦਾ ਕਰਜ਼ਾ ਪੰਜਾਬ ਨੂੰ ਲੈ ਬੈਠੇਗਾ। ਮੌਜੂਦਾ ਐਮ ਐਸ ਪੀ ਉੱਤੇ ਖਰੀਦਿਆ ਝੋਨਾ ਖਰਚੇ ਗਿਣ ਕੇ ਸਰਕਾਰ ਨੂੰ 2550 ਰੁਪਏ ਕੁਇੰਟਲ ਬੈਠੇਗਾ। ਇਸ ਵਿਚੋਂ ਨਿਕਲਿਆ ਚਾਵਲ 3800 ਰੁਪਏ ਕੁਇੰਟਲ ਦੇ ਲਗਭਗ ਬਣੇਗਾ। ਜੋ ਹਾਲਾਤ ਪੰਜਾਬ ਦੀ ਸਰਕਾਰ ਨੇ ਪੈਦਾ ਕਰ ਦਿੱਤੇ ਹਨ, ਉਸ ਅਨੁਸਾਰ ਪੰਜਾਬ ਨੂੰ ਘੱਟੋ ਘੱਟ 30 ਹਜ਼ਾਰ ਕਰੋੜ ਦਾ ਘਾਟਾ ਪਵੇਗਾ। ਪਹਿਲਾਂ ਹੀ ਕਰਜ਼ੇ ਵਿਚ ਡੁੱਬੇ ਪੰਜਾਬ ਤੋਂ ਇਹ ਮਾਰ ਝੱਲੀ ਨਹੀਂ ਜਾਣੀ। ਚਿੰਤਾ ਅਗਲੀ ਕਣਕ ਦੀ ਖਰੀਦ ਦੀ ਵੀ ਖੜ੍ਹੀ ਹੋ ਗਈ ਹੈ।

ਕਿਸਾਨ ਦਾ ਕੰਮ ਅੰਨ ਪੈਦਾ ਕਰਨਾ ਹੈ ਅਤੇ ਮੰਡੀਕਰਨ ਲਈ ਪ੍ਰਬੰਧ ਕਰਨੇ ਸਰਕਾਰ ਜ਼ਿੰਮੇ ਹੁੰਦੇ ਹਨ। ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਪੰਜਾਬ ਦੇ ਕਿਸਾਨ ਕਣਕ, ਝੋਨਾ, ਨਰਮਾ, ਗੰਨਾ, ਫਲ ਅਤੇ ਸਬਜ਼ੀਆਂ ਪੈਦਾ ਕਰਕੇ ਸਵਾ ਲੱਖ ਕਰੋੜ ਦੀ ਸਾਲਾਨਾ ਵੱਟਕ ਕਰਦੇ ਹਨ, ਜਿਸ ਨਾਲ ਬਾਜ਼ਾਰ ਚਲਦਾ ਹੈ ਅਤੇ ਬਾਜ਼ਾਰ ਨਾਲ ਇੰਡਸਟਰੀ ਦਾ ਚੱਕਾ ਚਲਦਾ ਹੈ। ਮੁੱਖ ਤੌਰ 'ਤੇ ਸਾਡੇ ਅਰਥਚਾਰੇ ਦਾ ਧੁਰਾ ਖੇਤੀ ਹੈ। ਜੇ ਖੇਤੀ ਹੀ ਡੁੱਬ ਗਈ ਤਾਂ ਪੰਜਾਬ ਦਾ ਅਰਥਚਾਰਾ ਵੀ ਡੱਕੇ-ਡੋਲੇ ਖਾਵੇਗਾ। ਅੱਜ ਕਿਸਾਨ, ਮਜ਼ਦੂਰ, ਆੜ੍ਹਤੀ ਅਤੇ ਰਾਈਸ ਮਿੱਲ ਮਾਲਕ ਘੋਰ ਨਿਰਾਸ਼ਤਾ ਅਤੇ ਗੁੱਸੇ ਵਿਚ ਹਨ। ਜ਼ਿੰਮੇਵਾਰ ਕੇਵਲ ਅਤੇ ਕੇਵਲ ਪੰਜਾਬ ਅਤੇ ਕੇਂਦਰ ਸਰਕਾਰ ਹੈ। ਸਮਾਂ ਮੰਗ ਕਰਦਾ ਹੈ ਕਿ ਸਾਰੇ ਪੰਜਾਬ ਮਿਲ ਕੇ ਸਥਿਤੀ ਨੂੰ ਸੰਭਾਲਣ। ਕੇਂਦਰ ਤੇ ਰਾਜ ਸਰਕਾਰ ਦੋਵੇਂ ਮਿਲ ਕੇ ਬਿਨਾਂ ਦੇਰੀ ਝੋਨੇ ਦੇ ਮੰਡੀਕਰਨ ਦੇ ਰਾਹ ਵਿਚ ਆਉਂਦੀਆਂ ਸਾਰੀਆਂ ਰੁਕਾਵਟਾਂ ਦੂਰ ਕਰਨ।

ਬਾਕੀ ਸਫਾ 7 ਦੀ

# ਨਵੰਬਰ ਮਹੀਨੇ ਦੇ ਖੇਤੀ ਰੁਝੇਵੇਂ

350 ਲਿਟਰ ਪਾਣੀ ਵਿੱਚ ਪਾ ਕੇ ਬਿਮਾਰੀ ਦਿਖਾਈ ਦੇਣ ਤੋਂ ਪਹਿਲਾਂ, ਨਵੰਬਰ ਦੇ ਪਹਿਲੇ ਹਫਤੇ ਛਿੜਕਾਅ ਕਰੋ । ਪੰਜ ਹੋਰ ਛਿੜਕਾਅ 7 ਦਿਨਾਂ ਦੇ ਵਕਫੇ ਤੇ ਕਰੋ । ਜੇਕਰ ਬਿਮਾਰੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਤੀਸਰਾ ਅਤੇ ਚੌਥਾ ਛਿੜਕਾਅ



ਇੰਡੋਫਿਲ ਐਮ-45 ਜਾਂ ਮਾਸ ਐਮ-45 ਜਾਂ ਮਾਰਕਜ਼ੈਬ ਜਾਂ ਐਂਟਰਾਕੋਲ ਜਾਂ ਕਵਚ ਦੀ ਥਾਂ 250 ਮਿ.ਲਿ. ਰੀਵਸ 250 ਐਸ ਸੀ ਜਾਂ 700 ਗ੍ਰਾਮ ਮੈਲੋਡੀ ਡਿਓ ਜਾਂ ਰਿਡੋਮਿਲ ਗੋਲਡ ਜਾਂ ਕਰਜ਼ਟ ਐਮ 8 ਜਾਂ ਸੈਕਟਿਨ 60 ਡਬਲਯੂ ਜੀ ਜਾਂ 200 ਮਿ.ਲਿ. ਜਾਂ ਈਕੂਏਸ਼ਨ ਪ੍ਰੋ ਪ੍ਰਤੀ ਏਕੜ ਦੇ ਹਿਸਾਬ ਦਸ ਦਿਨਾਂ ਦੇ ਵਕਫੇ ਤੇ ਕਰੋ ।

**ਟਮਾਟਰ** : ਟਮਾਟਰ ਦੇ 100



ਗ੍ਰਾਮ ਬੀਜ ਨੂੰ ਤਿਆਰ ਕੀਤੇ ਕਿਆਰੇ ਵਿੱਚ ਵੱਖ-ਵੱਖ ਕਿਸਮਾਂ ਜਿਵੇਂ ਕਿ ਪੀ ਟੀ ਐਚ-2, ਪੰਜਾਬ ਰੱਤਾ ਅਤੇ ਪੰਜਾਬ ਗੌਰਵ, ਪੰਜਾਬ ਸਰਤਾਜ, ਪੰਜਾਬ ਸਵਰਨਾ, ਪੰਜਾਬ ਕੇਸਰ ਚੈਰੀ, ਪੰਜਾਬ ਰੈਡ ਚੈਰੀ ਪੰਜਾਬ ਸੋਨਾ ਚੈਰੀ ਬੀਜ ਦਿਉ । ਦੋ ਮਰਲੇ ਦੇ ਕਿਆਰੇ ਵਿੱਚ ਬੀਜੀ ਗਈ ਪਨੀਰੀ ਇਕ ਏਕੜ ਲਈ ਕਾਫੀ ਹੈ । ਕਿਆਰੇ ਤਿਆਰ ਕਰਦੇ ਸਮੇਂ ਗਲੀ ਹੋਈ ਤਿਆਰ ਦੇਸੀ ਖਾਦ 250 ਕਿਲੋ ਪ੍ਰਤੀ ਮਰਲੇ ਵਿੱਚ ਪਾਉ । ਇਸ ਮਹੀਨੇ ਦੇ ਅਖੀਰ ਤੱਕ ਟਮਾਟਰਾਂ ਦੀ ਪਨੀਰੀ ਲਗਾਉਣਾ ਸ਼ੁਰੂ ਕਰ ਦਿਉ । ਖੇਤ ਵਿੱਚ ਸਾਰੀਆਂ ਕਿਸਮਾਂ ਦੀ ਪਨੀਰੀ 0.75 ਮੀਟਰ ਫਾਸਲੇ ਤੇ ਕਤਾਰਾਂ ਵਿੱਚ ਲਾਉ । ਬਿਜਾਈ ਸਮੇਂ 10 ਟਨ ਦੇਸੀ ਰੂੜੀ ਅਤੇ 55, 155, ਅਤੇ 45 ਕਿਲੋ ਯੂਰੀਆ, ਸੁਪਰਫਾਸਫੇਟ, ਅਤੇ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਕ੍ਰਮਵਾਰ ਪਾਉ । ਇੱਕ ਢੇਰੀ ਤੇ ਦੋ ਪਨੀਰੀ ਦੇ ਬੂਟੇ ਲਗਾਉ ਅਤੇ ਬੂਟਿਆਂ ਦਾ ਫਾਸਲਾ 30 ਸੈਂ. ਮੀ. ਰੱਖੋ । ਪਨੀਰੀ ਲਗਾਉਣ ਤੋਂ ਬਾਅਦ ਇਕਦਮ ਪਾਣੀ ਦੇ ਦਿਉ ਅਤੇ ਫਿਰ ਇੱਕ ਹਫਤੇ ਬਾਅਦ ਖਾਲੀ ਥਾਵਾਂ ਭਰ ਦਿਉ ਅਤੇ ਪਾਣੀ ਦੇ ਦਿਓ । ਘਰ ਬਗੀਚੀ ਲਈ ਅਤੇ ਨੇੜੇ ਦੀਆਂ ਮੰਡੀਆਂ ਲਈ ਪੰਜਾਬ ਰੱਤਾ ਕਿਸਮ ਦੀ ਬਿਜਾਈ ਕਰੋ । ਡੱਬੇਬੰਦੀ ਆਦਿ ਲਈ ਪੀ.ਟੀ. ਐਚ-2, ਪੰਜਾਬ ਰੱਤਾ ਅਤੇ ਪੰਜਾਬ ਉਪਮਾ ਜਾਂ ਪੰਜਾਬ ਛੁਹਾਰਾ ਬੀਜੋ । ਨੀਮਾਟੋਡ ਤੋਂ ਪ੍ਰਭਾਵਿਤ ਜ਼ਮੀਨ ਤੇ ਸਿਰਫ ਪੰਜਾਬ ਐਨ. ਆਰ.-7 ਕਿਸਮ ਦੀ ਬੀਜੋ ।

**ਗੰਢੇ** : ਗੰਢਿਆਂ ਦੀ ਪਨੀਰੀ ਤਿਆਰ ਕਰਨ ਲਈ 4-5 ਕਿਲੋ ਬੀਜ ਨੂੰ 8 ਮਰਲੇ ਜਗ੍ਹਾ ਤੇ ਛੋਟੀਆਂ-ਛੋਟੀਆਂ ਕਿਆਰੀਆਂ ਤਿਆਰ ਕਰਕੇ ਬੀਜੋ । ਇਹ ਪਨੀਰੀ ਇੱਕ ਏਕੜ ਖੇਤ ਲਈ ਕਾਫੀ ਹੈ । ਪੰਜਾਬ ਨਰੋਆ, ਪੀ ਆਰ ਓ-6, ਪੀ ਆਰ ਓ-7, ਪੀ ਵਾਈ ਓ-1, ਪੀ ਡਬਲਯੂ ਓ-2, ਪੰਜਾਬ ਵਾਈਟ ਕਿਸਮਾਂ ਜਾਂ ਪੀ. ਓ. ਐਚ -1 ਦੋਗਲੀ ਕਿਸਮ ਵਰਤੋ । ਜੇਕਰ ਬੀਜ ਤਿਆਰ ਕਰਨਾ ਹੈ ਤਾਂ 4 ਤੋਂ 6 ਕੁਇੰਟਲ ਗੰਢਿਆਂ ਦੀਆਂ ਵਧੀਆ, ਮੋਟੀਆਂ ਅਤੇ ਇਕੱਲੀ ਗੰਢ (ਦੋ ਨਾ ਹੋਣ) ਦੀ ਬਿਜਾਈ ਕਰੋ । ਬਿਜਾਈ ਵੱਟਾਂ ਤੇ ਕਰੋ ਅਤੇ ਵੱਟਾਂ ਦੇ ਫਾਸਲੇ 60 ਸੈਂ. ਮੀ. ਰੱਖੋ ਅਤੇ ਗੰਢੇ ਦਾ ਫਾਸਲਾ 30 ਸੈਂ. ਮੀ. ਰੱਖੋ । ਦਸ ਦਿਨਾਂ ਬਾਅਦ ਹਲਕਾ ਪਾਣੀ ਦੇ ਦਿਓ ।

**ਹਰੇ ਪੱਤੇ ਵਾਲੀਆਂ ਸਬਜ਼ੀਆਂ** : ਪਾਲਕ ਦੀ ਕਟਾਈ ਸਮੇਂ ਸਿਰ ਕਰੋ ਅਤੇ ਦਰਜਾਬੰਦੀ ਕਰਕੇ ਮੰਡੀਆਂ ਵਿੱਚ ਭੇਜਣਾ ਸ਼ੁਰੂ ਕਰ ਦਿਉ । ਹਰ ਕਟਾਈ ਤੇ 20 ਕਿਲੋ ਯੂਰੀਆ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ਤਾਂ ਜੋ ਜਲਦੀ ਅਤੇ ਚੰਗੇ ਪੱਤੇ ਨਿਕਲਣ । ਮੇਥੀ ਅਤੇ ਪਾਲਕ ਨੂੰ ਹਫਤੇ ਵਿੱਚ ਇੱਕ ਵਾਰ ਪਾਣੀ ਦਿਉ । ਸਲਾਦ ਦੇ ਬੀਜ ਜਾਂ ਪਨੀਰੀ ਲਾਉਣ ਤੋਂ ਪਹਿਲਾਂ 55 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਕਤਾਰਾਂ ਅਤੇ ਬੂਟਿਆਂ ਦਾ ਫਾਸਲਾ 45 ਤੋਂ 30 ਸੈਂਟੀਮੀਟਰ ਰੱਖੋ ।

**ਮਟਰ** : 1. ਅੱਧ ਨਵੰਬਰ ਤੱਕ ਮਟਰਾਂ ਦੀਆਂ ਕਿਸਮ ਪੰਜਾਬ-89 ਅਤੇ ਮਿੱਠੀ ਫਲੀ ਦੀ ਬਿਜਾਈ 30×10 ਸੈਂ. ਮੀ. ਫਾਸਲੇ ਤੇ ਕਰੋ । ਬੀਜ ਨੂੰ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਕਿਲੋ ਬੀਜ ਨੂੰ ਸੋਧਣ ਲਈ ਵਰਤੋ । ਬਿਜਾਈ ਵੇਲੇ 45 ਕਿਲੋ ਯੂਰੀਆ ਅਤੇ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ।

2. ਬਿਜਾਈ ਲਈ ਬੀਜ 30 ਕਿਲੋ ਪ੍ਰਤੀ ਏਕੜ ਵਰਤੋ । ਨਦੀਨਾਂ ਦੀ ਰੋਕਥਾਮ ਲਈ ਉੱਗਣ ਤੋਂ 4-6 ਹਫਤਿਆਂ ਪਿਛੋਂ ਗੋਡੀ ਕਰੋ । ਬੀਜ ਤਿਆਰ ਕਰਨ ਲਈ ਮਟਰਾਂ ਦੀ ਬਿਜਾਈ ਨਵੰਬਰ ਦੇ ਦੂਜੇ ਪੰਦਰਵਾੜੇ ਵਿੱਚ ਕਰੋ ।



**ਮਿਰਚਾਂ** : 1. ਸੀ ਐਚ-52, ਸੀ ਐਚ-27, ਪੰਜਾਬ ਤੇਜ ਅਤੇ ਪੰਜਾਬ ਸੰਧੂਰੀ ਕਿਸਮਾਂ ਦੇ ਬੀਜ ਨੂੰ 15 ਸੈਂ. ਮੀ. ਉੱਚੇ ਤਿਆਰ ਕੀਤੇ ਕਿਆਰਿਆਂ ਵਿੱਚ ਬੀਜ ਦਿਉ ।

2. ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 200 ਗ੍ਰਾਮ ਬੀਜ ਨੂੰ ਇੱਕ ਮਰਲੇ ਥਾਂ ਵਿੱਚ ਬੀਜੋ ।

**ਬਾਗਬਾਨੀ** : 1. ਪੱਤਝੜ ਵਾਲੇ ਬੂਟਿਆਂ ਜਿਵੇਂ ਕਿ ਆੜੂ, ਅਲੂਚਾ, ਨਾਸ਼ਪਾਤੀ, ਅੰਗੂਰ, ਅੰਜੀਰ ਆਦਿ ਦਾ ਪਾਣੀ ਰੋਕ ਦੇਣਾ ਚਾਹੀਦਾ ਹੈ ਤਾਂ ਕਿ ਸਰਦੀ ਆਉਣ ਤੋਂ ਪਹਿਲਾਂ ਇਹ ਬੂਟੇ ਸਿਥਲ ਅਵਸਥਾ ਆ ਜਾਣ ਅਤੇ ਠੰਡ ਤੋ ਬਚ ਸਕਣ ।

2. ਛੋਟੇ ਬਾਗਾਂ ਵਿੱਚ ਅੰਤਰ-ਫਸਲਾਂ ਜਿਵੇਂ ਕਿ ਕਣਕ, ਮਟਰ, ਦਾਲਾਂ ਅਤੇ ਸੇਂਜੀ ਆਦਿ ਬੀਜਣ ਲਈ ਢੁੱਕਵਾਂ ਸਮਾਂ ਚੱਲ ਰਿਹਾ ਹੈ ।

3. ਨਵੰਬਰ ਦੇ ਅਖੀਰਲੇ ਦਿਨਾਂ ਵਿੱਚ ਸਦਾ ਹਰੇ ਰਹਿਣ ਵਾਲੇ ਛੋਟੇ ਬੂਟਿਆਂ ਉਪਰ ਖਾਸ ਕਰਕੇ ਜੋ ਨਵੇਂ ਲਗਾਏ ਹਨ, ਨੂੰ ਠੰਡ ਤੋਂ ਬਚਾਉਣ



ਲਈ ਕੁੱਲੀਆਂ ਬਣਾ ਦਿਉ । ਇਹ ਕੁੱਲੀਆਂ ਸਰਕੰਡੇ, ਕਮਾਦ ਦੀ ਖੋਰੀ, ਮੱਕੀ ਦੇ ਟਾਂਡਿਆਂ ਆਦਿ ਦੀਆਂ ਬਣਾਈਆਂ ਜਾ ਸਕਦੀਆਂ ਹਨ । ਇਹ ਕੁੱਲੀਆਂ ਦੱਖਣ-ਪੱਛਮੀ ਪਾਸੇ ਵੱਲੋਂ ਖੁੱਲੀਆਂ ਰੱਖੋ ਤਾਂ ਕਿ ਪੌਦਿਆਂ ਨੂੰ ਧੁੱਪ ਲੱਗ ਸਕੇ ।

4. ਪੱਤਝੜੀ ਕਿਸਮਾਂ ਦੇ ਫਲਦਾਰ ਬੂਟਿਆਂ ਜਿਵੇਂ ਨਾਸ਼ਪਾਤੀ, ਆੜੂ, ਅਲੂਚਾ, ਅੰਗੂਰਾਂ ਆਦਿ ਦੇ ਨਵੇਂ ਬਾਗ ਲਗਾਉਣ ਲਈ ਜ਼ਮੀਨ ਦੀ ਚੋਣ, ਬੂਟਿਆਂ ਦੀ ਵਿਉਂਤਬੰਦੀ ਅਤੇ ਬੂਟਿਆਂ ਦੇ ਅਗਾਊਂ ਪ੍ਰਬੰਧ ਲਈ ਇਹ ਢੁੱਕਵਾਂ ਸਮਾਂ ਹੈ ।

5. ਬੇਰਾਂ ਦੇ ਬਾਗਾਂ ਨੂੰ ਨਵੰਬਰ ਦੇ ਮਹੀਨੇ ਪਾਣੀ ਜ਼ਰੂਰ ਦਿਉ ਅਤੇ ਜ਼ਮੀਨ ਨੂੰ ਖੁਸ਼ਕ ਨਾ ਹੋਣ ਦਿਓ । ਸਰਦੀਆਂ ਵਿੱਚ 3-4 ਹਫਤੇ ਬਾਅਦ ਪਾਣੀ ਦਿੰਦੇ ਰਹੋ ।

6. ਮਾਲਟੇ ਅਤੇ ਮੁਸੰਮੀ ਅਤੇ ਅਰਲੀ ਗੋਲਡ ਕਿਸਮਾਂ ਦੀ ਤੁੜਾਈ ਸ਼ੁਰੂ ਕਰੋ । ਡੇਜ਼ੀ ਦੇ ਫਲਾਂ ਨੂੰ 20 ਨਵੰਬਰ ਤੋਂ ਪਹਿਲਾਂ ਤੋੜ ਲਓ । ਇਸ ਦੌਰਾਨ ਫਲ ਦਾ ਗੁੱਦਾ ਨਹੀਂ ਸੁੱਕਦਾ । ਤੁੜਾਈ ਸਮੇਂ ਇਹ ਧਿਆਨ ਰੱਖੋ ਕਿ ਡੰਡੀ ਦੇ ਨਾਲ-ਨਾਲ ਛਿੱਲ ਜ਼ਖਮੀ ਨਾ ਹੋ ਜਾਵੇ ਅਤੇ ਤੁੜਾਈ ਸਮੇਂ ਕਲਿੱਪਰ ਦੀ ਵਰਤੋਂ ਕਰੋ ਅਤੇ ਬਟਨ ਸਮਾਨ ਡੰਡੀ ਰੱਖੋ ।

7. ਬੇਰਾਂ ਦੀ ਗੁਣਵੱਤਾ ਸੁਧਾਰਨ ਲਈ ਪੋਟਾਸ਼ੀਅਮ ਨਾਈਟਰੇਟ (15 ਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਛਿੜਕਾਅ ਅੱਧ ਨਵੰਬਰ ਵਿਚ ਕਰੋ ।

8. ਬੇਰਾਂ ਦੇ ਪੱਤਿਆਂ ਉੱਤੇ ਕਾਲੇ ਨਿਸ਼ਾਨ ਹੋਣ ਤਾਂ ਬੇਰਾਂ ਦੇ ਦਰਖਤਾਂ ਤੇ ਬੋਰਡੋ ਮਿਸ਼ਰਣ ਦੇ ਘੋਲ (2:2:250) ਦਾ ਛਿੜਕਾਅ ਕਰੋ ।

9. ਬੇਰਾਂ ਦੇ ਫਲਾਂ ਦਾ ਕੇਰਾ ਰੋਕਣ ਲਈ ਨੈਫਥਲੀਨ ਐਸਟਿਕ ਐਸਿਡ (ਐਨ. ਏ. ਏ.) ਨੂੰ 15 ਗ੍ਰਾਮ ਪ੍ਰਤੀ 500 ਲਿਟਰ ਦੇ ਹਿਸਾਬ ਨਾਲ ਪ੍ਰਤੀ ਏਕੜ ਰਕਬੇ ਤੇ ਛਿੜਕੋ । ਨੈਫਥਲੀਨ ਐਸਟਿਕ ਐਸਿਡ ਨੂੰ ਪਹਿਲਾਂ ਥੋੜੀ ਜਿਹੀ ਅਲਕੋਹਲ ਵਿਚ ਘੋਲ ਲਵੋ ਅਤੇ ਫਿਰ ਪਾਣੀ ਵਿੱਚ ਮਿਲਾਉ ।

10. ਇਸ ਤਰ੍ਹਾਂ ਜ਼ਿਆਦਾਤਰ ਬਾਗਾਂ ਵਿਚ ਕੰਮਾਕਾਰਾਂ ਦੀ ਕੋਈ ਬਹੁਤੀ ਜ਼ਰੂਰਤ ਨਹੀਂ ਹੁੰਦੀ ਇਸ ਲਈ ਇਸ ਸਮੇਂ ਬਾਗਾਂ ਵਿਚਲੇ ਖਾਲੇ, ਰਸਤੇ ਆਲਾ-ਦੁਆਲੇ ਆਦਿ ਦੀ ਸਾਫ ਸਫਾਈ ਕੀਤੀ ਜਾ ਸਕਦੀ ਹੈ ।

**ਸਜਾਵਟੀ ਬੂਟੇ : ਮੌਸਮੀ ਫੁੱਲ** : ਸਰਦੀ ਰੁੱਤ ਦੇ ਮੌਸਮੀ ਫੁੱਲਾਂ ਦੀ ਪਨੀਰੀ (ਜਿਵੇਂ ਕਿ ਕੇਰੀਓਪਸਿਸ, ਫਲਾਕਸ, ਹੈਲੀਕ੍ਰਾਈਸਮ, ਗਲਾਰਡੀਆ ਕੈਲੇਡੂਆ, ਪਿਟੂਨੀਆ ਆਦਿ) ਇਸ ਮਹੀਨੇ ਵੀ ਕਿਆਰੀਆਂ ਅਤੇ ਗਮਲਿਆਂ ਵਿੱਚ ਲਾਈ ਜਾ ਸਕਦੀ ਹੈ । ਫੁੱਲਾਂ ਦੀ ਔਸਤਨ ਉਚਾਈ ਦਾ ਧਿਆਨ ਰੱਖ ਕੇ ਹੀ ਇਨ੍ਹਾਂ ਨੂੰ ਕਿਆਰੀਆਂ, ਗਮਲਿਆਂ ਜਾਂ ਵਾੜ ਬਣਾਉਣ ਲਈ ਚੋਣ ਕਰੋ । ਮੌਸਮੀ ਫੁੱਲਾਂ ਦੇ ਗਮਲਿਆਂ ਵਿਚ ਪਾਣੀ ਦਾ ਖਾਸ ਖਿਆਲ ਰੱਖੋ ।

**ਲਾਅਨ (ਘਾਹ ਦਾ ਮੈਦਾਨ)** : ਇਸ ਮਹੀਨੇ ਠੰਢ ਵੀ ਵਜ੍ਹਾ ਕਰਕੇ ਘਾਹ ਦਾ ਰੰਗ ਹਰਾ ਕਚੂਰ ਨਹੀਂ ਰਹਿੰਦਾ । ਇਸ ਕਰਕੇ ਪਾਣੀ ਦਾ ਖਾਸ ਖਿਆਲ ਰੱਖੋ, ਘਾਹ ਨੂੰ ਹਲਕਾ ਪਾਣੀ ਪਰ ਥੋੜੇ ਵਕਫੇ ਬਾਅਦ ਦਿੰਦੇ ਰਹੋ ਅਤੇ ਘਾਹ ਉੱਪਰ ਪਾਣੀ ਨਾ ਖੜ੍ਹਾ ਹੋਣ ਦਿਓ ।

**ਗੁਲਦਾਉਦੀ** : ਅਗੇਤੀਆਂ ਕਿਸਮਾਂ ਦੇ ਮੁਰਝਾਏ ਹੋਏ ਫੁੱਲਾਂ ਨੂੰ ਤੋੜਦੇ ਰਹੋ ਤਾਂ ਕਿ ਗਮਲੇ ਦੀ ਖੂਬਸੂਰਤੀ ਬਰਕਰਾਰ ਰੱਖੀ ਜਾ ਸਕੇ । ਸਟੈਂਡਰਡ ਕਿਸਮਾਂ ਵਿਚ ਲੋੜਵੰਦ ਡਿਸਬਡ਼ੀਗ ਜਾਰੀ ਰੱਖੋ । ਗਮਲਿਆਂ ਦੀ ਮਿੱਟੀ ਵਿਚ ਲੋੜਵੰਦ ਨਮੀਂ ਰੱਖੋ ਤਾਂ ਜੋ ਫੁੱਲਾਂ ਦਾ ਚੰਗਾ ਵਿਕਾਸ ਹੋ ਸਕੇ । ਬੂਟੇ ਦੇ ਹੇਠਾਂ ਤੋਂ ਸੁੱਕੇ ਪੱਤਿਆਂ ਨੂੰ ਲਗਾਤਾਰ ਤੋੜਦੇ ਰਹੋ । ਗੁਲਦਾਓਦੀ ਸ਼ੋ ਲਈ ਗਮਲੇ ਵੀ ਇਸ ਮਹੀਨੇ ਤਿਆਰ ਕਰ ਸਕਦੇ ਹਾਂ ।

**ਗੁਲਾਬ** : ਇਹ ਮਹੀਨਾ ਜੜ੍ਹ-ਮੁੱਢ ਦੀਆਂ ਕਲਮਾਂ ਬਨਾਉਣ ਅਤੇ ਅੱਖਾਂ ਚੜ੍ਹਾਉਣ ਲਈ ਬਹੁਤ ਵਧੀਆ ਹੈ । ਦੇਸੀ ਗੁਲਾਬ ਅਤੇ ਤੇਲ ਵਾਲੇ ਗੁਲਾਬ ਦੇ ਬੂਟੇ ਵੀ ਇਸ ਮਹੀਨੇ ਲਾਏ ਜਾ ਸਕਦੇ ਹਨ ਅਤੇ ਇਨ੍ਹਾਂ ਦੀਆ ਕਲਮਾਂ ਇਸ ਮਹੀਨੇ ਤਿਆਰ ਕੀਤੀਆਂ ਜਾ ਸਕਦੀਆਂ ਹਨ । ਪਹਿਲਾਂ ਲੱਗੇ ਬੂਟਿਆਂ ਦੇ ਜੜ੍ਹ-ਮੁੱਢ ਤੋਂ ਫੁਟਾਰੇ ਤੋੜਦੇ ਰਹੋ ।

**ਗੰਢੀਆਂ ਵਾਲੇ ਬੂਟੇ** : ਗਲੈਡੀਓਲਸ ਅਤੇ ਨਰਗਿਸ ਦੇ ਗੰਢੇ ਇਸ ਮਹੀਨੇ ਵੀ ਬੀਜੇ ਜਾ ਸਕਦੇ ਹਨ । ਡੇਲ੍ਹੀਆ ਦੀਆਂ ਜੜ੍ਹਾਂ ਵਾਲੀਆਂ ਕਿਸਮਾਂ ਗਮਲਿਆਂ ਵਿੱਚ ਜਾਂ ਕਿਆਰੀਆਂ ਵਿੱਚ ਲਾਈਆਂ ਜਾ ਸਕਦੀਆਂ ਹਨ । ਅਗੇਤੇ ਬੀਜੇ ਗਲੈਡੀਓਲਸ ਦੇ ਖੇਤ ਵਿੱਚੋਂ ਜੇਕਰ ਦਾਤੀ ਆਕਾਰ ਦੇ ਪੱਤਿਆਂ ਵਾਲੇ ਬੂਟੇ ਦਿਖਾਈ ਦੇਣ ਤਾਂ ਉਹਨਾਂ ਨੂੰ ਪੁੱਟ ਕੇ ਨਸ਼ਟ ਕਰ ਦਿਓ ਕਿਉਂਕਿ ਉਨ੍ਹਾਂ ਉੱਪਰ ਉਖੇੜਾ ਰੋਗ ਦਾ ਹਮਲਾ ਹੋਇਆ ਹੁੰਦਾ ਹੈ ।

**ਗੇਂਦਾ** : ਅਗਸਤ ਵਿੱਚ ਲਗਾਇਆ ਗਿਆ ਗੇਂਦਾ (ਪੰਜਾਬ ਗੇਂਦਾ ਨੰ:1) ਇਸ ਮਹੀਨੇ ਭਰਵੇਂ ਫੁੱਲ ਦੇਣੇ ਸ਼ੁਰੂ ਕਰ ਦਿੰਦਾ ਹੈ । ਬੀਜ ਤਿਆਰ ਕਰਨ ਲਈ ਇਸ ਦੇ ਪੱਕੇ ਫੁੱਲਾਂ ਨੂੰ ਤੋੜ ਕੇ ਸੰਭਾਲਣਾ ਸ਼ੁਰੂ ਕਰ ਦਿਓ ।

**ਵਣ ਖੇਤੀ : ਪਾਪਲਰ** : ਪਾਪਲਰ ਤੋਂ ਚੰਗੀ ਆਮਦਨ ਲੈਣ ਲਈ ਇਸ ਵਿੱਚ ਖੇਤੀ ਕਰਨਾ ਬਹੁਤ ਜ਼ਰੂਰੀ ਹੈ । ਨਵੰਬਰ ਦੇ ਪਹਿਲੇ ਪੰਦਰਵਾੜੇ ਵਿੱਚ ਕਣਕ ਦੀ ਬਿਜਾਈ ਕਰ ਦਿਉ । ਕਣਕ ਦੀਆਂ ਕਿਸਮਾਂ ਪੀ ਬੀ ਡਬਲਯੂ-677 ਅਤੇ ਪੀ ਬੀ ਡਬਲਯੂ-725 ਪਾਪਲਰ ਹੇਠਾਂ ਕਾਸ਼ਤ ਲਈ ਢੁੱਕਵੀਆਂ ਹਨ । ਜਿਨ੍ਹਾਂ ਖੇਤਾਂ ਵਿੱਚ ਪਾਪਲਰ ਦੇ ਪੌਦੇ (ਜਨਵਰੀ-ਫਰਵਰੀ) ਵਿੱਚ ਲਾਉਣੇ ਹੋਣ ਉਨ੍ਹਾਂ ਖੇਤਾਂ ਵਿੱਚ ਕਣਕ ਨੂੰ ਬੀਜਣ ਸਮੇਂ ਪਹਿਲਾਂ ਹੀ ਪਾਪਲਰ ਦੇ ਕਤਾਰਾਂ ਦੇ ਫਾਸਲੇ ਅਨੁਸਾਰ ਖਾਲਾਂ ਪਾ ਦਿਉ । ਪਾਪਲਰ ਪਲਾਂਟੇਸ਼ਨ ਨੂੰ 15 ਦਿਨਾਂ ਬਾਅਦ ਪਾਣੀ ਲਾਉਂਦੇ ਰਹੋ । ਪਾਪਲਰ ਦੀਆਂ ਪਲਾਂਟੇਸ਼ਨਾਂ ਵਿੱਚ ਕਣਕ ਦੀ ਵਧੇਰੇ ਉਪਜ ਲੈਣ ਲਈ ਨਿਰੋਲ ਕਣਕ ਲਈ ਸਿਫਾਰਸ਼ ਕੀਤੀ ਹੋਈ ਨਾਈਟਰੋਜਨ, ਫਾਸਫੋਰਸ ਖਾਦ ਅਤੇ ਬੀਜ ਤੋਂ ਇਲਾਵਾ ਇਨ੍ਹਾਂ ਦੀ 50 ਪ੍ਰਤੀਸ਼ਤ ਤੱਕ ਵਾਧੂ ਮਾਤਰਾ ਦੀ ਵਰਤੋਂ ਕਰੋ ।

**ਸਫੈਦਾ** : ਚਾਰੇ ਦੀਆਂ ਫਸਲਾਂ, ਜਿਵੇਂ ਕਿ (ਜਵੀ, ਬਰਸੀਮ) ਨੂੰ ਸਫੈਦੇ ਦੇ (ਬੰਨਿਆਂ ਤੇ ਲਾਏ) ਨਾਲ ਬੀਜਣ ਲਈ ਕਤਾਰ ਦੇ ਨਾਲ 10 ਤੋਂ 15 ਮੀਟਰ ਚੌੜੀ ਪੱਟੀ ਵਿੱਚ ਬੀਜਣਾ ਚਾਹੀਦਾ ਹੈ । ਰੁੱਖਾਂ ਦੀ ਕਟਾਈ ਸਰਦੀਆਂ ਵਿੱਚ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਦੇ ਮੁੱਢ ਛਾਂ ਹੇਠਾਂ ਸੁਕਾਉਣੇ ਚਾਹੀਦੇ ਹਨ ਤਾਂ ਜੋ ਲੱਕੜ ਨੂੰ ਘੁੰਮਣ ਅਤੇ ਫਟਣ ਤੋਂ ਬਚਾਇਆ ਜਾ ਸਕੇ ।



ਡੇਕਾਂ ਦੀ ਬਲਾਕਪਲਾਂਟੈਸ਼ਨ ਵਿਚ ਹਾੜੀ ਦੀਆਂ ਫਸਲਾਂ ਜਿਵੇਂ ਕਿ ਕਣਕ, ਆਲੂ, ਸਰ੍ਹੋਂ, ਜਵੀ ਆਦਿ ਦੀ ਕਾਸ਼ਤ ਕੀਤੀ ਜਾ ਸਕਦੀ ਹੈ ।

ਚੱਲਦਾ

# ਮੂੰਹਖੁਰ ਦੀ ਬਿਮਾਰੀ ਅਤੇ ਉਸ ਤੋਂ ਬੱਚਣ ਦੇ ਉਪਾਅ

**ਮੂੰਹਖੁਰ ਦੀ ਬਿਮਾਰੀ ਪਸ਼ੂਆਂ ਵਿਚ ਬਹੁਤ ਤੇਜ਼ੀ ਨਾਲ ਫੈਲਦੀ ਹੈ । ਆਮ ਤੌਰ ਤੇ ਇਹ ਬਿਮਾਰੀ ਹਵਾ ਰਾਹੀਂ ਫੈਲਦੀ ਹੈ । ਇਹ ਵਿਸ਼ਾਣੂੰ ਸਾਹ; ਬਲਗਮ; ਦੁੱਧ, ਲਾਰ ਅਤੇ ਗੋਹੇ ਰਾਹੀਂ ਬਾਹਰ ਨਿਕਲਦਾ ਹੈ । ਇਹ ਬਿਮਾਰੀ ਸੰਕਰਮਿਤ ਜਾਨਵਰਾਂ ਦੀ ਗਤੀਵਿਧੀ ਦੁਆਰਾ ਆਮ ਤੌਰ ਤੇ ਫੈਲਦੀ ਹੈ । ਸੰਕਰਮਿਤ ਜਾਨਵਰਾਂ ਦੇ ਸਾਹ ਲੈਣ ਅਤੇ ਸਿੱਧੇ ਸੰਪਰਕ ਵਿੱਚ ਆਉਣ ਨਾਲ ਹੋਰ ਜਾਨਵਰ ਸੰਕਰਮਿਤ ਹੋ ਸਕਦੇ ਹਨ । ਇਸ ਬਿਮਾਰੀ ਦੇ ਲੱਛਣ ਆਉਣ ਤੋਂ ਚਾਰ ਦਿਨ ਪਹਿਲਾਂ ਤੱਕ ਹੀ ਇਹ ਵਿਸ਼ਾਣੂੰ ਸੰਕਰਮਿਤ ਪਸ਼ੂ ਦੇ ਸਰੀਰ ਵਿਚੋਂ ਨਿਕਲਦਾ ਰਹਿੰਦਾ ਹੈ ਤੇ ਹੋਰ ਜਾਨਵਰਾਂ ਵਿਚ ਫੈਲਦਾ ਰਹਿੰਦਾ ਹੈ । ਇਸ ਬਿਮਾਰੀ ਦੇ ਭੇਡਾਂ ਵਿੱਚ ਲੱਛਣ ਬਹੁਤ ਘੱਟ ਆਉਂਦੇ ਹਨ ਜਿਸ ਨੂੰ ਖੋਜਣਾ ਕਈ ਵਾਰ ਬਹੁਤ ਔਖਾ ਹੋ ਜਾਂਦਾ ਹੈ ।**



ਡਾ. ਪ੍ਰਿਅੰਕਾ, ਡਾ. ਮਨਦੀਪ,
ਡਾ. ਨਿਤਿਨ ਦੇਵ ਸਿੰਘ,
ਗਡਵਾਸੂ, ਲੁਧਿਆਣਾ
ਮੋ. 75893-48484

## ਮੂੰਹਖੁਰ ਦੀ ਬਿਮਾਰੀ ਕੀ ਹੈ ?

ਮੂੰਹਖੁਰ ਗਾਵਾਂ ਅਤੇ ਸੂਰਾਂ ਦੀ ਬਿਮਾਰੀ ਹੈ । ਗਾਵਾਂ ਅਤੇ ਸੂਰਾਂ ਤੋਂ ਇਲਾਵਾ ਇਹ ਹੋਰ ਪਸ਼ੂਆਂ ਜਿਵੇਂ ਕਿ ਮੱਝਾਂ, ਭੇਡਾਂ, ਬੱਕਰੀਆਂ, ਊਠਾਂ ਅਤੇ ਹਿਰਨਾਂ ਵਿੱਚ ਵੀ ਪਾਈ ਜਾਂਦੀ ਹੈ । ਇਹ ਬਿਮਾਰੀ ਉਹਨਾਂ ਸਭ ਪਸ਼ੂਆਂ ਵਿਚ ਹੋ ਸਕਦੀ ਹੈ ਜਿਨ੍ਹਾਂ ਦੇ ਖੁਰ ਵੰਡੇ ਹੋਏ ਹੁੰਦੇ ਹਨ । ਮੂੰਹਖੁਰ ਦੀ ਬਿਮਾਰੀ ਇੱਕ ਪਸ਼ੂ ਤੋਂ ਦੂਜੇ ਪਸ਼ੂ ਵਿਚ ਤੇਜ਼ੀ ਨਾਲ ਫੈਲਦੀ ਹੈ ।

ਇਹ ਬਿਮਾਰੀ ਇਕ ਅਪਥਸ ਨਾਮ ਦੇ ਵਿਸ਼ਾਣੂ ਨਾਲ ਹੁੰਦੀ ਹੈ । ਇਸ ਵਿਸ਼ਾਣੂ ਦੀਆਂ ਸੱਤ ਕਿਸਮਾਂ ਹੁੰਦੀਆਂ ਹਨ ਜਿਵੇਂ ਕਿ : 'ਏ', 'ਓ', 'ਸੀ' 'ਐਸਏਟੀ-1' 'ਐਸਏਟੀ-2', 'ਐਸਏਟੀ-3' ਅਤੇ 'ਏਸ਼ੀਆ-1' । ਪਹਿਲਾਂ ਭਾਰਤ ਵਿੱਚ ਇਹਨਾਂ ਵਿਚੋਂ ਏ, ਓ, ਸੀ ਅਤੇ ਏਸ਼ੀਆ-1 ਪਾਇਆ ਜਾਂਦਾ ਸੀ, ਜਿਹਨਾਂ ਵਿਚੋਂ 'ਸੀ' ਕਿਸਮ ਹੁਣ ਭਾਰਤ ਵਿੱਚ ਨਹੀਂ ਰਹੀ । ਕਿਸੇ ਪਸ਼ੂ ਦਾ ਮੂੰਹਖੁਰ ਦੇ ਵਿਸ਼ਾਣੂ ਦੇ ਸੰਪਰਕ ਵਿਚ ਆਉਣ ਅਤੇ ਉਸਦੇ ਲੱਛਣ ਆਉਣ ਵਿਚਕਾਰ ਚੌਵੀ ਘੰਟਿਆਂ ਤੋਂ ਲੈ ਕੇ ਦੱਸ ਦਿਨਾਂ ਦਾ ਜਾਂ ਇਸ ਤੋਂ ਲੰਬਾ ਸਮਾਂ ਵੀ ਹੋ ਸਕਦਾ ਹੈ ।

## ਮੂੰਹਖੁਰ ਕਿਵੇਂ ਫੈਲਦੀ ਹੈ ?

ਮੂੰਹਖੁਰ ਦੀ ਬਿਮਾਰੀ ਪਸ਼ੂਆਂ ਵਿਚ ਬਹੁਤ ਤੇਜ਼ੀ ਨਾਲ ਫੈਲਦੀ ਹੈ । ਆਮ ਤੌਰ ਤੇ ਇਹ ਬਿਮਾਰੀ ਹਵਾ ਰਾਹੀਂ ਫੈਲਦੀ ਹੈ । ਇਹ ਵਿਸ਼ਾਣੂੰ ਸਾਹ; ਬਲਗਮ; ਦੁੱਧ, ਲਾਰ ਅਤੇ ਗੋਹੇ ਰਾਹੀਂ ਬਾਹਰ ਨਿਕਲਦਾ ਹੈ । ਇਹ ਬਿਮਾਰੀ ਸੰਕਰਮਿਤ ਜਾਨਵਰਾਂ ਦੀ ਗਤੀਵਿਧੀ ਦੁਆਰਾ ਆਮ



ਤੌਰ ਤੇ ਫੈਲਦੀ ਹੈ । ਸੰਕਰਮਿਤ ਜਾਨਵਰਾਂ ਦੇ ਸਾਹ ਲੈਣ ਅਤੇ ਸਿੱਧੇ ਸੰਪਰਕ ਵਿੱਚ ਆਉਣ ਨਾਲ ਹੋਰ ਜਾਨਵਰ ਸੰਕਰਮਿਤ ਹੋ ਸਕਦੇ ਹਨ । ਇਸ ਬਿਮਾਰੀ ਦੇ ਲੱਛਣ ਆਉਣ ਤੋਂ ਚਾਰ ਦਿਨ ਪਹਿਲਾਂ ਤੱਕ ਹੀ ਇਹ ਵਿਸ਼ਾਣੂੰ ਸੰਕਰਮਿਤ ਪਸ਼ੂ ਦੇ ਸਰੀਰ ਵਿਚੋਂ ਨਿਕਲਦਾ ਰਹਿੰਦਾ ਹੈ ਤੇ ਹੋਰ ਜਾਨਵਰਾਂ ਵਿਚ ਫੈਲਦਾ ਰਹਿੰਦਾ ਹੈ । ਇਸ ਬਿਮਾਰੀ ਦੇ ਭੇਡਾਂ ਵਿੱਚ ਲੱਛਣ ਬਹੁਤ ਘੱਟ ਆਉਂਦੇ ਹਨ ਜਿਸ ਨੂੰ ਖੋਜਣਾ ਕਈ ਵਾਰ ਬਹੁਤ ਔਖਾ ਹੋ ਜਾਂਦਾ ਹੈ । ਇਸ ਲਈ ਸੰਕਰਮਿਤ ਭੇਡਾਂ ਇਸ ਬਿਮਾਰੀ ਨੂੰ ਫੈਲਣ ਦਾ ਮੁੱਖ ਕਾਰਨ ਬਨਦੀਆਂ ਹਨ । ਅਨੁਕੂਲ ਮੌਸਮ ਦੇ ਅਧੀਨ ਇਹ ਬਿਮਾਰੀ ਹਵਾ ਰਾਹੀਂ ਕਾਫੀ ਦੂਰੀ ਤੱਕ ਫੈਲ ਸਕਦੀ ਹੈ ।

ਸੂਰ ਇਸ ਬਿਮਾਰੀ ਨੂੰ ਵਧਾਉਣ ਵਾਲਾ ਸਭ ਤੋਂ ਵੱਡਾ ਕਾਰਨ ਹੈ । ਕਿਉਂਕਿ ਸੂਰ ਆਪਣੇ ਸਾਹ ਰਾਹੀਂ ਵਿਸ਼ਾਣੂੰ ਦੀ ਵੱਡੀ ਮਾਤਰਾ ਬਾਹਰ ਕੱਢ ਸਕਦੇ ਹਨ । ਗਾਵਾਂ ਇਸ ਬਿਮਾਰੀ ਲਈ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ ਅਤੇ ਵਿਸ਼ਾਣੂੰ ਦੀ ਥੋੜ੍ਹੀ ਮਾਤਰਾ ਨੂੰ ਸਾਹ ਰਾਹੀਂ ਅੰਦਰ ਲੈਣ ਨਾਲ ਸੰਕਰਮਿਤ ਹੋ ਜਾਂਦੀਆਂ ਹਨ । ਕੁਝ ਜਾਨਵਰ ਸਪੱਸ਼ਟ ਤੌਰ ਤੇ ਠੀਕ ਹੋਣ ਤੋਂ ਬਾਅਦ ਵੀ ਲੰਮੇ ਸਮੇਂ (ਮਹੀਨਿਆਂ ਜਾਂ ਸਾਲਾਂ) ਤੱਕ ਵਿਸ਼ਾਣੂੰ ਨੂੰ ਆਪਣੇ ਅੰਦਰ ਰੱਖਦੇ ਹਨ ਅਤੇ ਦੂਜੇ ਜਾਨਵਰਾਂ ਲਈ ਬਿਮਾਰੀ ਦਾ ਕਾਰਨ ਬਣ ਜਾਂਦੇ ਹਨ ।

ਮੂੰਹਖੁਰ ਦੀ ਬਿਮਾਰੀ ਹੇਠ ਲਿਖੇ ਕਾਰਨਾਂ ਵਿੱਚੋਂ ਕਿਸੇ ਵੀ ਇੱਕ ਕਾਰਨ ਨਾਲ ਫੈਲ ਸਕਦੀ ਹੈ ।

1. ਸੰਕਰਮਿਤ ਜਾਨਵਰਾਂ ਦਾ ਨਵੇਂ ਝੁੰਡ ਵਿਚ ਦਾਖਲ ਹੋਣਾ ।
2. ਵਿਸ਼ਾਣੂੰ ਨਾਲ ਦੂਸ਼ਿਤ ਪਸ਼ੂਆਂ ਦੀ ਸ਼ੈੱਡ, ਦੂਸ਼ਿਤ ਆਵਾਜਾਈ ਵਾਹਨ, ਦੂਸ਼ਿਤ ਪਦਾਰਥ ਜਿਵੇਂ ਕਿ : ਫੀਡ, ਪਾਣੀ, ਦੁੱਧ, ਕੱਪੜੇ ਅਤੇ ਜੁੱਤੇ ।
3. ਵਿਸ਼ਾਣੂੰ ਨਾਲ ਸੰਕਰਮਿਤ ਮੀਟ ਜਾਂ ਹੋਰ ਦੂਸ਼ਿਤ ਪਸ਼ੂ ਉਤਪਾਦ (ਮੀਟ ਮੀਲ) ਜਦੋਂ ਕੱਚੇ ਜਾਂ ਸਹੀ ਤਰੀਕੇ ਨਾਲ ਨਾ ਪਕਾ ਕੇ ਪਸ਼ੂਆਂ ਨੂੰ ਖੁਆਏ ਜਾਣ ਤਾਂ ਵੀ ਇਹ ਬਿਮਾਰੀ ਫੈਲਦੀ ਹੈ ।

## ਮੂੰਹਖੁਰ ਕਿੰਨੀ ਛੂਤਕਾਰੀ ਹੈ ?

ਇਹ ਬਿਮਾਰੀ ਇਕ ਜਾਨਵਰ ਤੋਂ ਦੂਜੇ ਜਾਨਵਰ ਵਿਚ ਬਹੁਤ ਤੇਜ਼ੀ ਨਾਲ ਫੈਲਦੀ ਹੈ । ਖਾਸ ਕਰਕੇ ਬਰਸਾਤ ਅਤੇ ਜ਼ਿਆਦਾ ਠੰਢ ਵਿਚ, ਇਹ ਵਿਸ਼ਾਣੂੰ 4°C ਤੋਂ ਘੱਟ ਕੇ ਤਾਪਮਾਨ ਤੇ ਬਹੁਤ ਚੰਗੀ ਤਰ੍ਹਾਂ ਜਿਊਂਦਾ ਰਹਿੰਦਾ ਹੈ, ਪਰ ਤਾਪਮਾਨ ਦੇ ਵੱਧਣ ਨਾਲ ਇਸਦੀ ਕੰਮ ਕਰਨ ਦੀ ਸ਼ਕਤੀ ਘੱਟ ਜਾਂਦੀ ਹੈ । 60 ਪ੍ਰਤੀਸ਼ਤ ਤੋਂ ਘੱਟ ਦੀ ਨਮੀਂ ਵੀ ਇਸ ਵਿਸ਼ਾਣੂੰ ਨੂੰ ਅਕਿਰਿਆਸ਼ੀਲ ਬਣਾ ਦਿੰਦੀ ਹੈ । ਬਰਸਾਤ ਅਤੇ ਜ਼ਿਆਦਾ ਠੰਡ ਵਿੱਚ ਜਦੋਂ ਪਸ਼ੂ ਤਣਾਅ ਵਿਚ ਹੁੰਦਾ ਹੈ ਅਤੇ ਪਸ਼ੂ ਦਾ ਇਸ ਬਿਮਾਰੀ ਦੇ ਖਿਲਾਫ ਟੀਕਾਕਰਨ ਨਹੀਂ ਹੋਇਆ ਹੁੰਦਾ, ਪਸ਼ੂ ਦੀ ਇਸ ਬਿਮਾਰੀ ਨਾਲ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ ।

## ਮੂੰਹਖੁਰ ਦੇ ਲੱਛਣ

ਹਾਲਾਂਕਿ ਇਹ ਬਿਮਾਰੀ ਵੱਡੇ ਜਾਨਵਰਾਂ ਵਿੱਚ ਬਹੁਤ ਘਾਤਕ ਨਹੀਂ ਹੈ, ਪਰ ਇਹ ਛੋਟੇ ਪਸ਼ੂਆਂ ਨੂੰ ਭਾਰੀ ਮਾਤਰਾ ਵਿਚ ਮਾਰ ਸਕਦੀ ਹੈ ਕਿਉਂਕਿ ਇਹ ਵਿਸ਼ਾਣੂੰ ਛੋਟੇ ਪਸ਼ੂਆਂ ਦੇ ਦਿਲ ਤੇ ਅਸਰ ਕਰਦਾ ਹੈ । ਇਸ ਦੇ ਮੁੱਖ ਲੱਛਣਾਂ ਵਿੱਚ ਬੁਖਾਰ, ਪਾਣੀ ਨਾਲ ਭਰੇ ਛਾਲੇ ਜੋ ਕਿ ਖਾਸ ਕਰਕੇ ਬੁੱਲ੍ਹਾਂ, ਜੀਭ ਤੇ ਤਾਲੂ ਵਿਚਕਾਰ ਅਤੇ ਖੁਰਾਂ ਦੇ ਵਿਚਕਾਰ ਪਾਏ ਜਾਂਦੇ ਹਨ । ਇਸ ਦੇ ਨਾਲ ਨਾਲ ਇਹ ਛਾਲੇ ਥਣਾਂ ਉੱਤੇ ਵੀ ਦੇਖੇ ਗਏ ਹਨ ।

ਪੈਰਾਂ ਦੇ ਜ਼ਖਮ ਜਾਨਵਰਾਂ ਨੂੰ ਲੰਗੜਾ ਕਰ ਦਿੰਦੇ ਹਨ । ਜੀਭ ਅਤੇ ਮੂੰਹ ਦੇ ਜ਼ਖਮ ਬਹੁਤ ਦੁਖਦਾਈ ਹੁੰਦੇ ਹਨ ਇਸ ਲਈ ਪਸ਼ੂ ਖਾਣਾ ਪੀਣਾ ਵੀ ਛੱਡ ਜਾਂਦਾ ਹੈ । ਇਹ ਛੋਟੇ ਛੋਟੇ ਛਾਲੇ ਇਕੱਠੇ ਹੋ ਕੇ ਵੱਡੇ, ਸੁੱਜੇ ਹੋਏ ਛਾਲੇ ਬਣਾ ਦਿੰਦੇ ਹਨ ਜੋ ਠੀਕ ਹੋਣ ਵਿੱਚ 10 ਦਿਨ ਲਗਾ ਦਿੰਦੇ ਹਨ । ਵੱਡੇ ਪਸ਼ੂ ਕੁਝ ਦਿਨਾਂ ਬਾਅਦ ਫਿਰ ਤੋਂ ਖਾਣਾ ਪੀਣਾ ਸ਼ੁਰੂ ਕਰ ਦਿੰਦੇ ਹਨ, ਪਰ ਛੋਟੇ ਪਸ਼ੂ ਮਰ ਜਾਂਦੇ ਹਨ ਕਿਉਂਕਿ ਇਹ ਵਿਸ਼ਾਣੂੰ ਛੋਟੇ ਪਸ਼ੂਆਂ ਦੇ ਦਿਲ ਤੇ ਅਸਰ ਕਰਦਾ ਹੈ ।

ਇਸ ਤੋਂ ਇਲਾਵਾ ਡਿਪਰੈਸ਼ਨ, ਝੱਗ ਵਾਲੀ ਲਾਰ ਦਾ ਮੂੰਹ ਵਿੱਚੋਂ ਲਟਕਣਾ, ਭੁੱਖ ਨਾ ਲੱਗਣਾ, ਭਾਰ ਘਟਣਾ, ਦੁੱਧ ਦੇ ਉਤਪਾਦਨ ਵਿਚ ਗਿਰਾਵਟ ਆਉਣਾ ਵੀ ਸ਼ਾਮਿਲ ਹੈ । ਜੇ ਇਹ ਬਿਮਾਰੀ ਲੰਮੇ ਸਮੇਂ ਤੱਕ ਰਹੇ ਤਾਂ ਦੁੱਧ ਦਾ ਉਤਪਾਦਨ 80% ਤੱਕ ਘੱਟ ਜਾਂਦਾ ਹੈ । ਇਸ ਲਈ ਇਹ ਬਿਮਾਰੀ ਉਤਪਾਦਨ ਦੇ ਗੰਭੀਰ ਨੁਕਸਾਨ ਦਾ ਕਾਰਨ ਬਣ ਸਕਦੀ ਹੈ ।

## ਮੂੰਹਖੁਰ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ?

ਆਮ ਤੌਰ ਤੇ ਪਸ਼ੂ ਪਾਲਕ ਜੀਵ ਸੁਰੱਖਿਆ ਦੇ ਅਭਿਆਸਾਂ ਨੂੰ ਕਾਇਮ ਰੱਖਕੇ ਇਸ ਵਿਸ਼ਾਣੂੰ ਦੇ ਦਾਖਲੇ ਨੂੰ ਜਾਨਵਰਾਂ ਵਿੱਚ ਰੋਕ ਸਕਦੇ ਹਨ ।

1. ਜਿਹੜੇ ਲੋਕਾਂ ਦਾ ਫਾਰਮ ਅੰਦਰ ਆਉਣਾ ਜਰੂਰੀ ਹੈ, ਉਹਨਾਂ ਦੀ ਸਫਾਈ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ । ਜਿਵੇਂ ਕਿ ਉਹਨਾਂ ਦੇ ਕੱਪੜੇ ਅਤੇ ਜੁੱਤੇ ਸਾਫ ਹੋਣੇ ਚਾਹੀਦੇ ਹਨ । ਕਿਉਂਕਿ ਗੰਦੇ ਕੱਪੜੇ ਅਤੇ ਜੁੱਤੇ ਵਿਸ਼ਾਣੂੰ ਨੂੰ ਫਾਰਮ ਦੇ ਪਸ਼ੂਆਂ ਵਿਚ ਫੈਲਾਅ ਸਕਦੇ ਹਨ ।
2. ਫਾਰਮ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਚੀਜ਼ਾਂ ਸਾਫ ਹੋਣੀਆਂ ਚਾਹੀਦੀਆਂ ਹਨ ।



3. ਫਾਰਮ ਵਿੱਚ ਵਰਤਨ ਵਾਲੀਆਂ ਸਾਰੀਆਂ ਵਸਤਾਂ ਨੂੰ ਕੀਟਾਣੂਨਾਸ਼ਕ ਨਾਲ ਸਾਫ ਕਰਨਾ ਜਰੂਰੀ ਹੈ ਅਤੇ ਵਸਤਾਂ ਉੱਤੇ ਕੀਟਾਣੂਨਾਸ਼ਕ 10 ਮਿੰਟ ਤੱਕ ਲੱਗਿਆ ਰਹਿਣ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣਾ ਅਸਰ ਦਿਖਾ ਸਕੇ ।
4. ਮੰਨਿਆ ਜਾਂਦਾ ਹੈ ਕਿ 0.175% ਸੋਡੀਅਮ ਹਾਈਪੋਕਲੋਰਾਈਟ ਦਾ ਘੋਲ ਇਸ ਵਿਸ਼ਾਣੂੰ ਨੂੰ ਮਾਰ ਸਕਦਾ ਹੈ ।

### ਟੀਕਾਕਰਨ

ਇਸ ਬਿਮਾਰੀ ਨੂੰ ਰੋਕਣ ਲਈ ਟੀਕਾਕਰਨ ਇੱਕ ਅਹਿਮ ਭੂਮਿਕਾ ਅਦਾ ਕਰਦਾ ਹੈ । ਸਹੀ ਸਮੇਂ ਤੇ ਟੀਕਾਕਰਨ ਕਰਕੇ ਇਸ ਬਿਮਾਰੀ ਤੇ ਰੋਕ ਲਗਾਈ ਜਾ ਸਕਦੀ ਹੈ । ਪਸ਼ੂਆਂ ਨੂੰ ਪਹਿਲਾ ਟੀਕਾ 4 ਮਹੀਨੇ ਤੇ ਲਗਾਉਣਾ ਚਾਹੀਦਾ ਹੈ । ਦੂਸਰਾ ਟੀਕਾ ਪਹਿਲੇ ਟੀਕੇ ਤੋਂ ਇਕ ਮਹੀਨੇ ਬਾਅਦ ਅਤੇ ਅਗਲੇ ਜਿੰਨੇ ਵੀ ਟੀਕੇ ਹਨ ਉਹ ਛੇ-ਛੇ ਮਹੀਨਿਆਂ ਦੇ ਵਕਫੇ ਬਾਅਦ ਲਗਵਾਉਣੇ ਚਾਹੀਦੇ ਹਨ । ਪੰਜਾਬ ਸਰਕਾਰ ਪਸ਼ੂ ਪਾਲਣ ਵਿਭਾਗ ਵਿਚ ਮੂੰਹਖੁਰ ਦੇ ਟੀਕੇ ਪਸ਼ੂਆਂ ਲਈ ਮੁਫਤ ਉਪਲਬਧ ਕਰਵਾਉਂਦੀ ਹੈ । ਇਸ ਲਈ ਹਰ ਪਸ਼ੂ ਪਾਲਕ ਨੂੰ ਇਹ ਨਿਰਦੇਸ਼ ਹੈ ਕਿ ਉਹ ਆਪਣੇ ਪਸ਼ੂਆਂ ਦਾ ਟੀਕਾਕਰਣ ਸਰਕਾਰੀ ਹਸਪਤਾਲ ਵਿੱਚੋਂ ਹੀ ਕਰਵਾਉਣ ਤਾਂ ਜੋ ਮੂੰਹਖੁਰ ਦੀ ਬਿਮਾਰੀ ਨੂੰ ਰੋਕਿਆ ਜਾ ਸਕੇ ।

**ਜਦੋਂ ਕਿਸੇ ਫਾਰਮ ਵਿਚ ਮੂੰਹਖੁਰ ਦੀ ਬਿਮਾਰੀ ਫੈਲੀ ਹੋਵੇ ਤਾਂ ਹੇਠ ਲਿਖੇ ਉਪਾਅ ਕਰਨੇ ਚਾਹੀਦੇ ਹਨ :**

1. ਮੂੰਹਖੁਰ ਦੀ ਬਿਮਾਰੀ ਨਾਲ ਮਰੇ ਹੋਏ ਪਸ਼ੂਆਂ ਨੂੰ ਸਹੀ ਢੰਗ ਨਾਲ ਅਤੇ ਡੂੰਘਾ ਟੋਆ ਪੁੱਟ ਕੇ ਦਫਨਾਉਣਾ ਬਹੁਤ ਜਰੂਰੀ ਹੈ ਤਾਂ ਜੋ ਉਹ ਅੱਗੇ ਬਿਮਾਰੀ ਨਾ ਫੈਲਾਅ ਸਕੇ ।
2. ਜਿਹਨਾਂ ਪਸ਼ੂਆਂ ਵਿਚ ਇਹ ਬਿਮਾਰੀ ਫੈਲ ਜਾਏ ਉਹਨਾਂ ਨੂੰ ਬਾਕੀ ਪਸ਼ੂਆਂ ਤੋਂ ਜਿੰਨੀ ਜਲਦੀ ਹੋ ਸਕੇ ਅਲੱਗ ਕਰ ਦੇਣਾ ਚਾਹੀਦਾ ਹੈ ।
3. ਫਾਰਮ ਵਿਚ ਸਾਰੀਆਂ ਉਪਕਰਨਾਂ ਅਤੇ ਵਾਹਨਾਂ ਦੀ ਆਵਾਜਾਈ ਉੱਤੇ ਸਖਤ ਰੋਕ ਲਗਾਉਣੀ ਚਾਹੀਦੀ ਹੈ ।
4. ਸ਼ੈਡ ਅਤੇ ਫਾਰਮ ਵਿਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਉਪਕਰਨਾਂ ਨੂੰ ਕੀਟਾਣੂੰਨਾਸ਼ਕ ਨਾਲ ਰੋਗਾਣੂਮੁਕਤ ਕਰਨਾ ਬਹੁਤ ਜ਼ਰੂਰੀ ਹੈ ।
5. ਇਹਨਾਂ ਛਾਲਿਆਂ ਨੂੰ ਪਹਿਲਾਂ 1% ਲਾਲ ਦਵਾਈ ਦੇ ਘੋਲ ਨਾਲ ਧੋਣਾ ਚਾਹੀਦਾ ਹੈ ਇਸ ਤੋਂ ਬਾਅਦ ਛਾਲਿਆਂ ਉੱਪਰ ਗਲਿਸਰੀਨ ਅਤੇ ਬੋਰਿਕ ਐਸਿਡ ਲਗਾ ਦੇਣਾ ਚਾਹੀਦਾ ਹੈ । ਇਸ ਨਾਲ ਪਸ਼ੂਆਂ ਨੂੰ ਦਰਦ ਤੋਂ ਕਾਫੀ ਆਰਾਮ ਮਿਲ ਜਾਂਦਾ ਹੈ । ਮੂੰਹ ਦੇ ਅੰਦਰ ਵਾਲੇ ਛਾਲਿਆਂ ਤੇ ਗਲਿਸਰੀਨ ਅਤੇ ਹਲਦੀ ਮਿਲਾ ਕੇ ਲਗਾ ਦਿਉ । ਜੇਕਰ ਅਸੀਂ ਉੱਪਰ ਲਿਖੇ ਉਪਾਵਾਂ ਦੀ ਪਾਲਣਾ ਕਰਦੇ ਹਾਂ ਇਸ ਬਿਮਾਰੀ ਤੋਂ ਬਹੁਤ ਜਲਦੀ ਛੁਟਕਾਰਾ ਪਾ ਸਕਦੇ ਹਾਂ । ਸਭ ਤੋਂ ਜਰੂਰੀ ਹੈ ਟੀਕਾਕਰਨ ਕਰਵਾਉਣਾ ।



# ਭਾਖੜਾ ਡੈਮ 61 ਸਾਲ ਦਾ ਹੋਇਆ ਰਾਸ਼ਟਰ ਦਾ ਗੌਰਵ

ਦੇਸ਼ ਦੀ ਹਰੀ ਅਤੇ ਉਦਯੋਗਿਕ ਕ੍ਰਾਂਤੀ ਚ ਅਹਿਮ ਯੋਗਦਾਨ ਪਾਉਣ ਵਾਲਾ ਅਤੇ ਰਾਸ਼ਟਰ ਦਾ ਗੌਰਵ ਕਹੇ ਜਾਣ ਵਾਲੇ ਭਾਖੜਾ ਡੈਮ ਅੱਜ 22 ਅਕਤੂਬਰ 2024 ਨੂੰ 61 ਸਾਲ ਦਾ ਹੋ ਗਿਆ ਹੈ । ਜ਼ਿਕਰਯੋਗ ਹੈ ਕਿ ਏਸ਼ੀਆ ਦਾ ਸਭ ਤੋਂ ਉੱਚਾ ਕਿਹਾ ਜਾਣ ਵਾਲਾ ਭਾਖੜਾ ਡੈਮ, 22 ਅਕਤੂਬਰ 1963 ਨੂੰ ਤਤਕਾਲੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ ਸੀ । ਭਾਖੜਾ ਡੈਮ ਦੀ ਸਥਾਪਨਾ ਦਿਵਸ ਮੌਕੇ ਅੱਜ ਭਾਖੜਾ ਡੈਮ ਅਤੇ ਨੰਗਲ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ, ਜਿਸ ਵਿਚ ਭਾਖੜਾ ਡੈਮ ਚੇਅਰਮੈਨ ਮਨੋਜ ਤ੍ਰਿਪਾਠੀ ਸਣੇ ਉੱਚ ਅਧਿਕਾਰੀਆਂ ਵਲੋਂ ਸ਼ਿਰਕਤ ਕੀਤੀ ਜਾਵੇਗੀ । ਜ਼ਿਕਰਯੋਗ ਹੈ ਕਿ ਅਣਵੰਡੇ ਪੰਜਾਬ ਦੇ ਬਿਲਾਸਪੁਰ ਜ਼ਿਲ੍ਹੇ (ਹੁਣ ਹਿਮਾਚਲ ਪ੍ਰਦੇਸ਼) ਦੇ ਪਿੰਡ ਭਾਖੜਾ ਕੋਲ ਤੋਂ ਤੰਗ ਪਹਾੜਾਂ ਵਿਚਕਾਰ ਭਾਖੜਾ ਡੈਮ 317 ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਸੀ ।

ਬੇਸ਼ਕ ਭਾਖੜਾ ਡੈਮ ਦੀ ਉਸਾਰੀ ਦੇਸ਼ ਦੀ ਅਜ਼ਾਦੀ ਪਿਛੋ ਸ਼ੁਰੂ ਹੋਈ ਸੀ, ਪਰ ਇਸ ਦੇ ਅਸਲ ਹੀਰੋ 1923 ਵਿਚ ਅਣਵੰਡੇ ਪੰਜਾਬ ਦੇ ਵਿਧਾਨਕਾਰ ਕੌਂਸਲ ਦੇ ਮੈਂਬਰ ਅਤੇ ਖੇਤੀਬਾੜੀ ਮੰਤਰੀ ਬਣੇ ਸਰ ਛੋਟੂ ਰਾਮ ਸਨ, ਜਿਨ੍ਹਾਂ ਨੇ 1945 ਵਿਚ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਯਤਨ ਸ਼ੁਰੂ ਕੀਤੇ । ਭਾਵੇਂ ਭਾਖੜਾ ਡੈਮ ਦੀ ਉਸਾਰੀ ਦਾ ਕੰਮ ਅਜ਼ਾਦੀ ਤੋਂ ਬਾਅਦ ਹੀ ਸ਼ੁਰੂ ਹੋਇਆ ਪਰ 1915 ਵਿਚ ਹੀ ਇਸ ਡੈਮ ਨੂੰ ਬਣਾਉਣ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ । ਨਿਕਲਸਨ ਦੀ ਖੋਜ ਤੋਂ ਬਾਅਦ 1920 ਤੋਂ 1938 ਦੌਰਾਨ ਇਸ ਡੈਮ ਤੇ ਕਾਫੀ ਕੰਮ ਕੀਤਾ ਗਿਆ । ਇਸ ਪ੍ਰਾਜੈਕਟ ਲਈ ਸਮਝੌਤੇ ਤਤਕਾਲੀ ਪੰਜਾਬ ਦੇ ਮਾਲ ਮੰਤਰੀ ਸਰ ਛੋਟੂ ਰਾਮ ਨੇ ਨਵੰਬਰ 1944 ਵਿਚ ਬਿਲਾਸਪੁਰ ਦੇ ਰਾਜੇ ਨਾਲ ਹਸਤਾਖਰ ਕੀਤੇ ਸਨ ਅਤੇ ਪ੍ਰਾਜੈਕਟ ਯੋਜਨਾ ਨੂੰ 8 ਜਨਵਰੀ 1945 ਨੂੰ ਅੰਤਮ ਰੂਪ ਦੇ ਦਿੱਤਾ ਸੀ ।

**13 ਹਜ਼ਾਰ ਮਜ਼ਦੂਰਾਂ 300 ਇੰਜੀਨੀਅਰਾਂ ਨੇ 15 ਸਾਲ ਵਿਚ ਕੰਮ ਕੀਤਾ ਪੂਰਾ** : ਚੀਫ ਕੰਸਲਟੈਂਟ ਐੱਮ ਐੱਚ ਸਲੋਕਮ ਦੀ ਅਗਵਾਈ ਹੇਠ ਬਣੀ ਇਸ ਰਾਸ਼ਟਰੀ ਧਰੋਹਰ ਨੂੰ ਬਣਾਉਣ ਲਈ 13 ਹਜ਼ਾਰ ਮਜ਼ਦੂਰਾਂ 300 ਇੰਜੀਨੀਅਰਾਂ ਅਤੇ 30 ਵਿਦੇਸ਼ੀ ਮਾਹਿਰਾਂ ਨੇ ਦਿਨ ਰਾਤ ਕੰਮ ਕਰਕੇ, ਇਸ ਪ੍ਰੋਜੈਕਟ ਨੂੰ 15 ਸਾਲਾਂ ਵਿਚ ਪੂਰਾ ਕੀਤਾ । ਇਸ ਡੈਮ ਨੂੰ ਬਣਾਉਣ ਲਈ ਸੈਂਕੜੇ ਵਿਅਕਤੀਆਂ ਵਲੋਂ ਆਪਣੇ ਜਾਣ ਦੀ ਅਹੂਤੀ ਦਿੱਤੀ ਗਈ ਜਿਨ੍ਹਾਂ ਦੀ ਯਾਦ ਵਿਚ ਭਾਖੜਾ ਡੈਮ ਵਿਖੇ ਇਕ ਸ਼ਹੀਦੀ ਸਮਾਰਕ ਵੀ ਬਣਿਆ ਹੋਇਆ ਹੈ ਇਸ ਡੈਮ ਦੀ ਉਸਾਰੀ ਤੇ 5.2 ਲੱਖ ਘਣ ਮੀਟਰ (68.3 ਲੱਖ ਘਣ ਗਜ਼) ਕੰਕਰੀਟ ਦੀ ਵਰਤੋਂ ਕੀਤੀ ਗਈ । ਕਿਹਾ ਜਾਂਦਾ ਹੈ ਕਿ ਜਿੰਨੀ ਕੰਕਰੀਟ ਦੀ ਵਰਤੋਂ ਇਸ ਡੈਕ ਨੂੰ ਤਿਆਰ ਕਰਨ ਲਈ ਕੀਤੀ ਗਈ ਹੈ ਉਸ ਨਾਲ ਧਰਤੀ ਦੇ ਦੁਆਲੇ ਅੱਠ ਫੁੱਟ ਚੌੜੀ ਸੜਕ ਬਣਾਈ ਜਾ ਸਕਦੀ ਹੈ । ਉਸ ਸਮੇਂ 245 ਕਰੋੜ ਦੀ ਲਾਗਤ ਨਾਲ ਨਾਲ ਤਿਆਰ ਕੀਤੇ ਇਸ ਡੈਮ ਦੀ ਉਸਾਰੀ ਵਿਚ 1.02 ਲੱਖ ਮੀਟ੍ਰਿਕ ਟਨ ਲੋਹਾ ਖਪਤ ਕੀਤਾ ਗਿਆ । ਡੈਮ ਵਿਖੇ ਬਣਾਏ ਦੋ ਬਿਜਲੀ ਘਰਾਂ ਨੂੰ ਰਾਈਟ ਅਤੇ ਲੈਫਟ ਪਾਵਰ ਬੈਂਕ ਨਾਮ ਨਾਲ ਜਾਣਿਆ ਜਾਂਦਾ ਹੈ । ਲੈਫਟ ਪਾਵਰ ਹਾਊਸ ਵਿਚ ਜਪਾਨ, ਫਰਾਂਸ ਅਤੇ ਇੰਗਲੈਂਡ ਦੀ ਬਣੀ ਮਸ਼ੀਨਰੀ ਲਗਾਈ ਗਈ ਅਤੇ ਰਾਈਟ ਬੈਂਕ ਵਿਚ ਰਸ਼ੀਅਨ ਮਸ਼ੀਨਰੀ ਦੀ ਵਰਤੋਂ ਕੀਤੀ ਗਈ ਹੈ ।

**ਪਹਿਲਾਂ ਸਿਰਫ ਸਿੰਚਾਈ ਪ੍ਰੋਜੈਕਟ ਹੀ ਸੀ**

ਬੇਸ਼ਕ ਭਾਖੜਾ ਡੈਮ ਪ੍ਰੋਜੈਕਟ ਮੁੱਖ ਰੂਪ ਵਿਚ ਸਿੰਚਾਈ ਪ੍ਰੋਜੈਕਟ ਹੀ ਸੀ ਪਰ ਬਾਅਦ ਵਿਚ ਇਸ ਡੈਮ 'ਤੇ ਬਿਜਲੀ ਤਿਆਰ ਕਰਨ ਦੀ ਯੋਜਨਾ ਬਣਾਈ ਗਈ । ਭਾਖੜਾ ਡੈਮ ਨੇ ਬਿਜਲੀ ਦੀ ਪੈਦਾਵਾਰ ਨਾਲ ਜਿਥੇ ਦੇਸ਼ ਦੀ ਉਦਯੋਗਿਕ ਕ੍ਰਾਂਤੀ ਵਿਚ ਅਹਿਮ ਰੋਲ ਅਦਾ ਕੀਤਾ ਹੈ, ਉੱਥੇ ਦੇਸ਼ ਦੇ ਤਿੰਨ ਸੂਬਿਆਂ, ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ ਕਰੀਬ 65 ਲੱਖ ਏਕੜ ਜ਼ਮੀਨ ਨੂੰ ਸਿੰਚਾਈ ਲਈ ਪਾਣੀ ਦੀ ਸਪਲਾਈ ਕਰਕੇ ਹਰੀ ਕਰਾਂਤੀ ਵਿਚ ਵੀ ਯੋਗਦਾਨ ਪਾਇਆ ਜਾ ਰਿਹਾ ਹੈ ।

**22 ਅਕਤੂਬਰ 1963 ਨੂੰ ਕੀਤਾ ਗਿਆ ਸੀ ਰਾਸ਼ਟਰ ਨੂੰ ਸਮਰਪਿਤ**

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਪੰਡਤ ਜਵਾਹਰ ਲਾਲ ਨਹਿਰੂ ਵਲੋਂ 22 ਅਕਤੂਬਰ 1963 ਨੂੰ ਇਸ ਭਾਖੜਾ ਡੈਮ ਨੂੰ ਰਾਸ਼ਟਰ ਲਈ ਸਮਰਪਿਤ ਕੀਤਾ ਗਿਆ ਸੀ । ਉਦਘਾਟਨ ਮੌਕੇ ਨਹਿਰੂ ਨੇ ਇਸਨੂੰ ਨਵੀਨ ਭਾਰਤ ਦਾ ਆਧੁਨਿਕ ਮੰਦਿਰ ਕਿਹਾ ਸੀ, ਜੋ ਕਿ ਅੱਜ ਸੱਚ ਸਾਬਿਤ ਹੋ ਰਿਹਾ ਹੈ ।

**ਸੰਸਾਰ ਦੇ ਸਭ ਤੋਂ ਉਚੇ ਕੰਕਰੀਟ ਦੇ ਠੋਸ ਬੰਨ੍ਹਾਂ ਵਿੱਚੋਂ ਇਕ ਹੈ ਭਾਖੜਾ ਡੈਮ**

1948 ਤੋਂ 1963 ਵਿਚਕਾਰ ਬਣ ਕੇ ਤਿਆਰ ਹੋਏ ਸੰਸਾਰ ਦੇ ਸਭ ਤੋਂ ਉਚੇ ਕੰਕਰੀਟ ਦੇ ਠੋਸ ਬੰਨ੍ਹਾਂ ਵਿੱਚੋਂ ਇਕ ਇਸ ਭਾਖੜਾ ਡੈਮ ਦੀ ਉਚਾਈ 225.55 ਮੀਟਰ (740 ਫੁੱਟ) ਹੈ, ਜੋ ਕਿ ਦਿੱਲੀ ਦੇ ਮਸ਼ਹੂਰ ਕੁਤਬ ਮੀਨਾਰ ਤੋਂ ਤਿੰਨ ਗੁਣਾ ਜ਼ਿਆਦਾ ਹੈ । ਡੈਮ ਦੇ ਪਿੱਛੇ ਬਣੀ 96.56 ਕਿਲੋਮੀਟਰ ਲੰਬੀ ਅਤੇ 168.35 ਵਰਗ ਕਿਲੋਮੀਟਰ (65 ਵਰਗ ਮੀਲ) ਵਿਚ ਫੈਲੀ ਗੋਬਿੰਦ ਸਾਗਰ ਝੀਲ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਉੱਪਰ ਰੱਖਿਆ ਗਿਆ ਹੈ । ਇਸ ਝੀਲ ਵਿਚ 9621 ਮਿਲੀਅਨ ਘਣ ਮੀਟਰ ਪਾਣੀ ਸਮਾ ਸਕਦਾ ਹੈ ।



**ਏਸ਼ੀਆ ਦੀ ਸਭ ਤੋਂ ਵੱਡੀ ਵਰਕਸ਼ਾਮ ਪਹੁੰਚੀ ਬੰਦ ਹੋਣ ਕੰਢੇ**

ਇਸ ਸਮੇਂ ਭਾਖੜਾ ਡੈਮ ਹਿਮਾਚਲ ਪ੍ਰਦੇਸ਼ ਵਿਖੇ ਸਥਿਤ ਹੈ । ਇਸ ਪ੍ਰਜੈਕਟ ਦਾ ਪ੍ਰਬੰਧ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਕੀਤਾ ਜਾ ਰਿਹਾ ਹੈ । ਡੈਮ ਦੇਖਣ ਲਈ ਬੀ ਬੀ ਐਮ ਬੀ ਵਲੋਂ ਨੰਗਲ ਵਿਖੇ ਲੋਕ ਸੰਪਰਕ ਦਫਤਰ ਬਣਾਇਆ ਗਿਆ ਹੈ ਜਿਥੋਂ ਸ਼ਾਮ ਤਿੰਨ ਵਜੇ ਤੋਂ ਪਹਿਲਾਂ ਪਾਸ ਬਣਦਾ ਹੈ ਅਤੇ ਭਾਖੜਾ ਡੈਮ ਨੂੰ ਅੰਦਰੋਂ ਵੇਖਣ ਲਈ ਵਿਸ਼ੇਸ਼ ਰੈੱਡ ਪਰਮਿਟ ਲੈਣਾ ਪੈਂਦਾ ਹੈ, ਜੋ ਕਿ ਬੀ ਬੀ ਐਮ ਬੀ ਦੇ ਮੁੱਖ ਦਫਤਰ ਚੰਡੀਗੜ੍ਹ ਤੋਂ ਜਾਰੀ ਹੁੰਦਾ ਹੈ । ਇਸ ਡੈਮ ਬਾਰੇ ਦਿਲਚਸਪ ਇਕ ਗੱਲ ਇਹ ਵੀ ਹੈ ਕਿ ਨੰਗਲ ਤੋਂ ਭਾਖੜਾ ਡੈਮ ਦੇ ਵਿਚਕਾਰ ਦੁਨੀਆਂ ਦੀ ਪਹਿਲੀ ਅਜਿਹੀ ਰੇਲ ਗੱਡੀ ਚਲਦੀ ਹੈ, ਜਿਹੜੀ ਕਿ ਬਿਲਕੁੱਲ ਮੁਫਤ ਹੈ । ਭਾਖੜਾ ਡੈਮ ਨੂੰ ਬਣਾਉਣ ਮੌਕੇ ਬਣਾਈ ਗਈ ਏਸ਼ੀਆ ਦੀ ਸਭ ਤੋਂ ਵੱਡੀ ਵਰਕਸ਼ਾਪ ਹੁਣ ਬੰਦ ਹੋਣ ਦੇ ਕਿਨਾਰੇ ਪਹੁੰਚ ਚੁੱਕੀ ਹੈ । ਕਿਸੇ ਸਮੇਂ ਇਸ ਵਰਕਸ਼ਾਪ ਵਿਚ 10 ਹਜ਼ਾਰ ਦੇ ਕਰੀਬ ਕਰਮਚਾਰੀ ਕੰਮ ਕਰਦੇ ਸਨ, ਪਰ ਹੁਣ ਇਹ ਗਿਣਤੀ ਮਾਤਰ 200 ਕਰਮਚਾਰੀਆਂ ਤੱਕ ਸਿਮਟ ਚੁੱਕੀ ਹੈ । ਲੋੜ ਹੈ ਇਸ ਵਰਕਸ਼ਾਪ ਨੂੰ ਮੁੜ ਤੋਂ ਚਾਲੂ ਕਰਨ ਦੀ ਜਿਸ ਨਾਲ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ ।



## ਆਓ, ਖੇਤੀ ਮਸ਼ੀਨਰੀ ਦੀ ਯੋਗ ਵਰਤੋਂ ਕਰਕੇ

# ਝੋਨੇ ਦੀ ਪਰਾਲੀ ਨੂੰ ਖੇਤ 'ਚ ਹੀ ਸੰਭਾਲੀਏ

ਸੁਨੀਲ ਕੁਮਾਰ, ਰੁਕਿੰਦਰ ਪ੍ਰੀਤ ਸਿੰਘ ਧਾਲੀਵਾਲ ਅਤੇ ਮਨਦੀਪ ਸਿੰਘ, ਪੀ. ਏ. ਯੂ., ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ

ਪਰਾਲੀ ਨੂੰ ਖੇਤ 'ਚ ਸੰਭਾਲਣ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਕਈ ਤਰ੍ਹਾਂ ਦੀਆਂ ਮਸ਼ੀਨਾਂ ਈਜਾਦ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਵੇਰਵਾ ਅਤੇ ਵਰਤਨ ਦਾ ਤਰੀਕਾ ਹੇਠ ਲਿਖੇ ਅਨੁਸਾਰ ਹੈ :

**1. ਸੁਪਰ ਐੱਸ.ਐੱਮ.ਐੱਸ. ਵਾਲੀ ਕੰਬਾਈਨ** : ਇਸ ਕੰਬਾਈਨ ਨਾਲ ਝੋਨੇ ਦੀ ਵਾਢੀ ਕਰਨ 'ਤੇ ਕੰਬਾਈਨ ਦੇ ਪਿੱਛੇ ਨਿਕਲਣ ਵਾਲੇ ਪਰਾਲ ਦਾ ਕੁਤਰਾ ਹੋ ਜਾਂਦਾ ਹੈ ਅਤੇ ਖੇਤ 'ਚ ਇਕਸਾਰ ਖਿੱਲਰ ਜਾਂਦਾ ਹੈ, ਜਿਸ ਤੋਂ ਬਾਅਦ ਖੇਤ 'ਚ ਪਰਾਲੀ ਸਮੇਤ ਕਣਕ ਦੀ ਬਿਜਾਈ ਕਰਨ ਲਈ ਕੋਈ ਵੀ ਮਸ਼ੀਨ ਵਰਤਨ 'ਚ ਦਿੱਕਤ ਨਹੀ ਆਉਂਦੀ। ਇਸ ਮਸ਼ੀਨ ਦੇ ਸਹੀ ਤਰੀਕੇ ਨਾਲ ਕੰਮ ਕਰਨ ਲਈ ਇਸ ਦਾ ਪਿਛਲਾ ਰੋਟਰ 1600-1800 ਚੱਕਰਾਂ ਤੇ ਚੱਲਣਾ ਚਾਹੀਦਾ ਹੈ ਅਤੇ ਇਸ ਦੀ ਵਾਈਬ੍ਰੇਸ਼ਨ ਘਟਾਉਣ ਲਈ ਡਾਇਨਾਮਿਕ ਬੈਲੇਸਿੰਗ ਹੋਣੀ ਬਹੁਤ ਜ਼ਰੂਰੀ ਹੈ। ਰੋਟਰ ਦੇ ਬਲੇਡਾਂ ਅਤੇ ਫਿਕਸ ਬਲੇਡਾਂ ਵਿਚਲੀ ਦੂਰੀ ਸਹੀ ਹੋਣੀ ਚਾਹੀਦੀ ਹੈ।

**2. ਹੈਪੀ ਸੀਡਰ** : ਇਸ ਮਸ਼ੀਨ ਨੂੰ ਸੁਪਰ ਐੱਸ. ਐੱਮ. ਐੱਸ. ਵਾਲੀ ਕੰਬਾਈਨ ਵਰਤਣ ਤੋਂ ਬਾਅਦ ਕਣਕ ਦੀ ਬਿਜਾਈ ਲਈ ਵਰਤਿਆ ਜਾ ਸਕਦਾ ਹੈ। ਇਸ ਮਸ਼ੀਨ 'ਚ ਅੱਗੇ ਲੱਗੇ ਹੋਏ ਫਲੇਲ ਬਲੇਡ ਫਾਲਿਆਂ ਦੇ ਅੱਗੇ ਆਉਣ ਵਾਲੀ ਪਰਾਲੀ ਨੂੰ ਕੱਟ ਕੇ ਪਿੱਛੇ ਸੁੱਟਦੇ ਜਾਂਦੇ ਹਨ, ਜਿਸ ਨਾਲ ਫਾਲਿਆਂ 'ਚ ਪਰਾਲੀ ਨਹੀਂ ਫਸਦੀ ਅਤੇ ਕਣਕ ਦੀ ਬਿਜਾਈ ਸੁਖਾਲੀ ਹੋ ਜਾਂਦੀ ਹੈ। ਹੈਪੀ ਸੀਡਰ 'ਚ ਪਹੀਆਂ ਵਾਲੀ ਅਟੈਚਮੈਂਟ ਵਰਤਣ ਨਾਲ ਫਾਲਿਆਂ ਵਿਚਲੀ ਪਰਾਲੀ ਹੇਠਾਂ ਦੱਬ ਜਾਂਦੀ ਹੈ ਅਤੇ ਬੀਜ ਦਾ ਮਿੱਟੀ ਨਾਲ ਸੰਪਰਕ ਵਧੀਆ ਹੋ ਜਾਂਦਾ ਹੈ, ਜਿਸ ਨਾਲ ਕਣਕ ਇਕਸਾਰ ਨਿਕਲਦੀ ਹੈ। ਹੈਪੀ ਸੀਡਰ ਨਾਲ ਬੀਜੀ ਕਣਕ 'ਚ ਪਰਾਲੀ ਦੀ ਮਲਚਿੰਗ ਹੋਣ ਕਾਰਨ ਗੁੱਲੀ-ਡੰਡੇ ਦੀ ਸਮੱਸਿਆ ਘੱਟ ਆਉਂਦੀ ਹੈ। ਇਸ ਤਰੀਕੇ ਨਾਲ ਬੀਜੀ ਕਣਕ ਡਿੱਗਦੀ ਵੀ ਘੱਟ ਹੈ। ਇਹ ਮਸ਼ੀਨ 45-50 ਹਾਰਸਪਾਵਰ ਦੇ ਟਰੈਕਟਰ ਨਾਲ ਚੱਲਦੀ ਹੈ ਅਤੇ ਇਕ ਦਿਨ 'ਚ 7-8 ਏਕੜ ਬੀਜ ਦਿੰਦੀ ਹੈ। ਇਸ ਮਸ਼ੀਨ ਦੀ ਵਰਤੋਂ ਸਵੇਰੇ ਜਾਂ ਸ਼ਾਮ ਦੇ ਸਮੇਂ ਜਦੋਂ ਜ਼ਿਆਦਾ ਤ੍ਰੇਲ ਪਈ ਹੋਵੇ ਤਾਂ ਨਹੀਂ ਕਰਨੀ ਚਾਹੀਦੀ। ਜਿਸ ਖੇਤ 'ਚ ਇਹ ਮਸ਼ੀਨ ਵਰਤਣੀ ਹੋਵੇ, ਉੱਥੇ ਕੰਬਾਈਨ ਦੇ ਟਾਇਰਾਂ ਦੀਆਂ ਲੀਹਾਂ ਨਾ ਪਈਆਂ ਹੋਣ। ਬੀਜ ਦੀ ਡੂੰਘਾਈ 2 ਇੰਚ ਰੱਖੋ ਅਤੇ ਬੀਜ ਰਿਵਾਇਤੀ ਬਿਜਾਈ ਲਈ ਸਿਫਾਰਸ਼ ਕੀਤੀ (40 ਕਿਲੋ ਪ੍ਰਤੀ ਏਕੜ) ਮਾਤਰਾ ਤੋਂ 5 ਕਿਲੋ ਪ੍ਰਤੀ ਏਕੜ ਜ਼ਿਆਦਾ ਪਾਓ। ਬਿਜਾਈ ਸਮੇਂ ਖੇਤ 'ਚ 'ਕੂਲਾ ਵੱਤਰ' ਹੋਣਾ ਚਾਹੀਦਾ ਹੈ। ਹੈਪੀ ਸੀਡਰ ਨੂੰ ਖੇਤ 'ਚ ਤੋਰਨ ਤੋਂ ਪਹਿਲਾ ਉਸ ਦੇ ਪੂਰੇ ਚੱਕਰ ਬਣਾ ਲਓ ਅਤੇ ਫਿਰ ਲਿਫਟ ਨੀਚੇ ਸੁੱਟ ਕੇ ਤੋਰੋ। ਇਸ ਤਰ੍ਹਾਂ ਬਲੇਡਾਂ 'ਚ ਪਰਾਲੀ ਫਸ ਕੇ ਮਸ਼ੀਨ ਦੇ ਰੁਕਣ ਦੀ ਸਮੱਸਿਆ ਨਹੀਂ ਆਏਗੀ। ਇਸ ਤਰੀਕੇ ਨਾਲ ਬੀਜੀ ਕਣਕ ਨੂੰ ਪਹਿਲਾ ਪਾਣੀ ਹਲਕਾ ਲਗਾਓ, ਪਰ ਭਾਰੀਆਂ ਜ਼ਮੀਨਾਂ 'ਚ ਪਹਿਲਾ ਪਾਣੀ ਇਕ ਤੋਂ ਦੋ ਹਫਤੇ ਹੋਰ ਲੇਟ ਕਰ ਦਿਓ।

**3. ਸੁਪਰ ਸੀਡਰ** : ਸੁਪਰ ਸੀਡਰ ਮਸ਼ੀਨ 'ਚ ਅੱਗੇ ਰੋਟਾਵੇਟਰ ਵਾਲਾ ਸਿਸਟਮ ਲੱਗਾ ਹੁੰਦਾ ਹੈ, ਜੋ ਕਿ ਸਾਰੀ ਪਰਾਲੀ ਨੂੰ ਮਿੱਟੀ ਵਿਚ ਮਿਲਾਉਂਦਾ ਹੈ ਅਤੇ ਪਿੱਛੇ ਬੀਜ ਕੇਰਨ ਵਾਲਾ ਸਿਸਟਮ ਲੱਗਾ ਹੁੰਦਾ ਹੈ। ਇਸ ਮਸ਼ੀਨ ਨਾਲ ਕੀਤੀ ਬਿਜਾਈ ਕਿਸਾਨ ਵੀਰਾਂ ਨੂੰ ਬਹੁਤ ਪਸੰਦ ਆਉਂਦੀ ਹੈ; ਕਿਉਂਕਿ ਖੇਤ ਦੇਖਣ ਨੂੰ ਸਾਫ ਲਗਦਾ ਹੈ। ਇਸ ਮਸ਼ੀਨ ਨੂੰ ਵਰਤਣ ਸਮੇਂ ਖੇਤ 'ਚ ਨਮੀਂ ਦੀ ਮਾਤਰਾ ਆਮ ਵੱਤਰ ਨਾਲੋਂ ਜ਼ਿਆਦਾ ਹੋਣੀ ਚਾਹੀਦੀ ਹੈ। ਇਸ ਮਸ਼ੀਨ ਨੂੰ ਚਲਾਉਣ ਲਈ 60 ਜਾਂ ਜ਼ਿਆਦਾ ਹਾਰਸਪਾਵਰ ਦਾ ਟਰੈਕਟਰ ਚਾਹੀਦਾ ਹੈ, ਜਿਸ 'ਚ ਘੱਟ ਤੋਰੇ ਵਾਲਾ ਗੇਅਰ ਹੋਵੇ। ਇਹ ਮਸ਼ੀਨ ਇਕ ਦਿਨ 'ਚ 3-4 ਏਕੜ 'ਚ ਬਿਜਾਈ ਕਰ ਦਿੰਦੀ ਹੈ। ਜਿਨ੍ਹਾਂ ਖੇਤਾਂ 'ਚ ਗੁੱਲੀ-ਡੰਡੇ ਦੀ ਸਮੱਸਿਆ ਬਹੁਤ ਜ਼ਿਆਦਾ ਹੋਵੇ, ਉੱਥੇ ਇਸ ਮਸ਼ੀਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪਿੱਛੇ ਚੱਲਣ ਵਾਲੇ ਰੋਲਰ ਦੀ ਦਾਬ ਏਨੀ ਕੁ ਰੱਖੋ ਕਿ ਸਖਤ ਪਰਤ ਨਾ ਬਣੇ ਨਹੀਂ ਤਾਂ ਕਣਕ ਨੂੰ ਬਾਹਰ ਨਿਕਲਣ 'ਚ ਦਿੱਕਤ ਆਉਂਦੀ ਹੈ। ਇਸ ਮਸ਼ੀਨ ਦੀ ਵਰਤੋਂ ਲਈ ਝੋਨੇ ਦੀ ਕਟਾਈ ਲਈ ਸੁਪਰ ਐੱਸ ਐੱਮ ਐੱਸ ਵਾਲੀ ਕੰਬਾਈਨ ਦੀ ਵਰਤੋਂ ਯਕੀਨੀ ਬਣਾਓ।

**4. ਪੀ.ਏ.ਯੂ. ਸਮਾਰਟ ਸੀਡਰ** : ਇਹ ਮਸ਼ੀਨ ਹੈਪੀ ਸੀਡਰ ਅਤੇ ਸੁਪਰ ਸੀਡਰ



ਦਾ ਸੁਮੇਲ ਹੈ। ਇਸ ਮਸ਼ੀਨ ਦੀ ਵਰਤੋਂ ਸਮੇਂ 2-2.5 ਇੰਚ ਦੀਆਂ ਪੱਟੀਆਂ ਦੇ ਸਿਆੜਾਂ ਦੀ ਪਰਾਲੀ ਹੀ ਖੇਤ 'ਚ ਮਿਕਸ ਹੁੰਦੀ ਹੈ ਅਤੇ ਸਿਆੜਾਂ ਦੇ ਵਿਚਾਲੇ ਦੀ ਪਰਾਲੀ ਹੈਪੀ ਸੀਡਰ ਦੀ ਤਰ੍ਹਾਂ ਖੇਤ 'ਚ ਹੀ ਪਈ ਰਹਿੰਦੀ ਹੈ। ਇਸ ਮਸ਼ੀਨ ਦੇ ਪਿੱਛੇ ਬੀਜ ਕੇਰਨ ਵਾਲੇ ਸਿਸਟਮ 'ਚ ਦੋ ਤਵੀਆਂ ਲੱਗੀਆਂ ਹਨ, ਜੋ ਕਿ ਆਹਮੋ-ਸਾਹਮਣੇ ਸਿੱਧੀਆਂ ਚਲਦੀਆਂ ਹਨ, ਜਿਨ੍ਹਾਂ ਦੇ ਵਿਚਾਲੇ ਬੀਜ ਕਿਰਦਾ ਹੈ ਅਤੇ ਪਿੱਛੇ ਚਲਦਾ ਮਿੱਟੀ ਦੱਬਣ ਵਾਲਾ ਪਹੀਆ ਇਸ ਬੀਜ ਨੂੰ ਦੱਬਦਾ ਜਾਂਦਾ ਹੈ। ਇਸ ਤਰੀਕੇ ਬੀਜੀ ਕਣਕ ਦਾ ਜੰਮ ਬਹੁਤ ਵਧੀਆ ਹੁੰਦਾ ਹੈ। ਬਿਜਾਈ ਸਮੇਂ ਖੇਤ ਦੀ ਨਮੀ ਆਮ ਨਾਲੋਂ ਜ਼ਿਆਦਾ ਹੋਣੀ ਚਾਹੀਦੀ ਹੈ। ਇਸ ਮਸ਼ੀਨ ਨੂੰ ਚਲਾਉਣ ਲਈ ਜ਼ਿਆਦਾ ਨਿਪੁੰਨ ਬੰਦੇ ਦੀ ਲੋੜ ਨਹੀਂ ਪੈਂਦੀ; ਕਿਉਂਕਿ ਇਸ 'ਚ ਬਿਜਾਈ ਦੀ ਡੂੰਘਾਈ ਸੈੱਟ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਇਸ ਮਸ਼ੀਨ ਨਾਲ ਕਣਕ ਬੀਜਣ 'ਤੇ ਹੈਪੀ ਸੀਡਰ ਦੀ ਤਰ੍ਹਾਂ ਗੁੱਲੀ-ਡੰਡਾ ਵੀ ਘੱਟ ਉੱਗਦਾ ਹੈ। ਇਹ ਮਸ਼ੀਨ 45 ਜਾਂ ਜ਼ਿਆਦਾ ਹਾਰਸਪਾਵਰ ਦੇ ਟਰੈਕਟਰ ਨਾਲ ਚਲਦੀ ਹੈ ਅਤੇ ਇਕ ਘੰਟੇ ਵਿਚ ਇਕ ਏਕੜ ਬੀਜ ਦਿੰਦੀ ਹੈ।

**5. ਮਲਚਿੰਗ ਵਿਧੀ** : ਪਿਛਲੇ ਕੁਝ ਸਾਲਾਂ ਤੋਂ ਮਲਚਿੰਗ ਵਿਧੀ ਕਿਸਾਨਾਂ 'ਚ ਕਾਫੀ ਪ੍ਰਚੱਲਿਤ ਹੋਈ ਹੈ। ਇਸ ਵਿਧੀ 'ਚ ਕਿਸਾਨਾਂ ਵਲੋਂ ਝੋਨੇ ਦੀ ਵਾਢੀ ਤੋ ਬਾਅਦ ਖੜ੍ਹੇ ਕਰਚਿਆਂ 'ਚ ਹੀ ਬੀਜ ਅਤੇ ਡੀ.ਏ.ਪੀ. ਖਾਦ ਦਾ ਇਕਸਾਰ ਛਿੱਟਾ ਦੇ ਦਿੱਤਾ ਜਾਂਦਾ ਹੈ। ਇਸਤੋਂ ਬਾਅਦ ਕਰਚਾ ਕਟਰ ਜਾਂ ਕਟਰ-ਕਮ-ਸਪਰੈਡਰ ਵਰਤ ਕੇ ਕਰਚਿਆਂ ਅਤੇ ਪਰਾਲੀ ਦਾ ਕੁਤਰਾ ਕਰਦੇ ਹੋਏ ਖੇਤ 'ਚ ਇਕਸਾਰ ਖਿਲਾਰ ਦਿੱਤਾ ਜਾਂਦਾ ਹੈ। ਕੁਝ ਕਿਸਾਨਾਂ ਵਲੋਂ ਮਲਚਰ ਮਸ਼ੀਨ ਵੀ ਵਰਤੀ ਜਾਂਦੀ ਹੈ। ਮਲਚਿੰਗ ਕਰਨ ਤੋਂ ਬਾਅਦ ਖੇਤ 'ਚ ਪਾਣੀ ਲਗਾ ਦਿੱਤਾ ਜਾਂਦਾ ਹੈ। ਇਸ ਤਕਨੀਕ 'ਚ ਖਰਚਾ ਬਾਕੀ ਤਕਨੀਕਾਂ ਦੇ ਮੁਕਾਬਲੇ ਬਹੁਤ ਘੱਟ ਆਉਂਦਾ ਹੈ, ਪਰ ਇਸ ਤਕਨੀਕ 'ਚ ਬੀਜ ਇਕਸਾਰ ਕੇਰਨ ਦੀ ਸਮੱਸਿਆ ਆਉਂਦੀ ਸੀ। ਉਸ ਦਾ ਮਸ਼ੀਨੀਕਰਨ ਕਰਨ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਸਰਫੇਸ ਸੀਡਰ ਮਸ਼ੀਨ ਤਿਆਰ ਕੀਤੀ ਗਈ ਹੈ, ਜਿਸ 'ਚ ਕਟਰ-ਕਮ-ਸਪਰੈਡਰ ਮਸ਼ੀਨ ਉੱਪਰ ਦੋ ਵੱਖ-ਵੱਖ ਬਕਸਿਆਂ ਰਾਹੀਂ ਬੀਜ ਅਤੇ ਖਾਦ ਕੇਰਨ ਵਾਲਾ ਸਿਸਟਮ ਲਗਾਇਆ ਗਿਆ ਹੈ। ਕਟਰ-ਕਮ-ਸਪਰੈਡਰ ਮਸ਼ੀਨ ਦੇ ਅੱਗੇ ਪਾਈਪਾਂ ਰਾਹੀਂ ਬੀਜ ਤੇ ਡੀ.ਏ.ਪੀ. ਕਤਾਰਾਂ 'ਚ ਕੇਰਿਆ ਜਾਂਦਾ ਹੈ, ਪਿੱਛੇ ਕਟਰ-ਕਮ-ਸਪਰੈਡਰ ਪਰਾਲੀ ਦਾ ਕੁਤਰਾ ਕਰ ਕੇ ਖੇਤ 'ਚ ਇਕਸਾਰ ਖਿਲਾਰਦਾ ਜਾਂਦਾ ਹੈ। ਇਸ ਤਕਨੀਕ ਨਾਲ ਬਿਜਾਈ ਕਰਨ ਲਈ ਖੇਤ ਨੂੰ ਲੇਜ਼ਰ ਲੈਵਲ ਕਰਨਾ ਬਹੁਤ ਜ਼ਰੂਰੀ ਹੈ। ਖੇਤ 'ਚ ਝੋਨੇ ਦੀ ਲਵਾਈ ਸਮੇਂ ਹੀ ਕਿਆਰੇ ਛੋਟੇ ਪਾਉਣੇ ਚਾਹੀਦੇ ਹਨ। ਝੋਨੇ ਨੂੰ ਆਖਰੀ ਪਾਣੀ ਵੀ ਵਾਢੀ ਤੋਂ ਲਗਭਗ 20 ਕੁ ਦਿਨ ਪਹਿਲਾਂ ਲਗਾ ਦੇਣਾ ਚਾਹੀਦਾ ਹੈ ਤਾਂ ਜੋ ਵਾਢੀ ਸਮੇਂ ਖੇਤ ਸੁੱਕਾ ਹੋਵੇ। ਬੀਜ ਦੀ ਮਾਤਰਾ ਸਿਫਾਰਿਸ਼ ਤੋਂ ਥੋੜ੍ਹੀ ਘੱਟ ਰੱਖੀ ਜਾਵੇ ਤਾਂ ਚੰਗਾ ਹੁੰਦਾ ਹੈ। ਸਰਫੇਸ ਸੀਫਰ ਵਰਤਣ ਤੋਂ ਬਾਅਦ ਖੇਤ ਨੂੰ ਪਾਣੀ ਪਤਲਾ ਲਗਾਇਆ ਜਾਵੇ।

**6. ਪਲਟਾਊ ਹਲ** : ਪਲਟਾਊ ਹਲਾਂ ਦੀ ਮਦਦ ਨਾਲ ਪਰਾਲੀ ਨੂੰ ਮਲਚਰ ਨਾਲ ਕੁਤਰਾ ਕਰਨ ਤੋਂ ਬਾਅਦ ਖੇਤ 'ਚ ਮਿਲਾਇਆ ਜਾ ਸਕਦਾ ਹੈ ਅਤੇ ਬਾਅਦ 'ਚ ਖੇਤ ਤਿਆਰ ਕਰ ਕੇ ਕਣਕ ਜਾਂ ਹਾੜੀ ਦੀਆਂ ਹੋਰ ਫਸਲਾਂ ਦੀ ਬਿਜਾਈ ਕੀਤੀ ਜਾ ਸਕਦੀ ਹੈ। ਕਣਕ ਦੀ ਬਿਜਾਈ ਲਈ ਪਲਟਾਊ ਹਲਾਂ ਨੂੰ 8-10 ਇੰਚ ਡੂੰਘਾ ਹੀ ਮਾਰਨਾ ਚਾਹੀਦਾ ਹੈ ਨਹੀਂ ਤਾਂ ਨੀਚੇ ਤੋਂ ਘੱਟ ਖੁਰਾਕੀ ਤੱਤਾਂ ਵਾਲੀ ਮਿੱਟੀ ਉੱਪਰ ਆ ਜਾਂਦੀ ਹੈ। ਜਿਸ 'ਚ ਕਣਕ ਦੀ ਬਿਜਾਈ ਕਰਨ ਨਾਲ ਕਈ ਤਰ੍ਹਾਂ ਦੇ ਖੁਰਾਕੀ ਤੱਤਾਂ ਦੀਆਂ ਘਾਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਣਕ ਦਾ ਵਾਧਾ ਇਕਸਾਰ ਨਹੀਂ ਹੁੰਦਾ।

# ਬਲਾਕ ਕਾਹਨੂੰਵਾਨ ਦੇ 8 ਕਿਸਾਨਾਂ ਨੇ ਗੁੱਜਰ ਭਾਈਚਾਰੇ ਦੇ ਸਹਿਯੋਗ ਨਾਲ ਸੁਪਰਸੀਡਰ, ਜ਼ੀਰੋ ਡਰਿੱਲ, ਤਵੀਆਂ, ਬੇਲਰ, ਪਰਾਲੀ ਖਿਲਾਰ ਕੇ, ਰੋਟਾਵੇਟਰ ਰਾਹੀਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਬਾਰੇ ਦੱਸੇ ਨਿਵੇਕਲੇ ਢੰਗ ਤਜ਼ਰਬੇ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।**

**5. ਸ੍ਰੀ ਰਿੰਕੂ ਠਾਕੁਰ** (98148-46906) ਪਿੰਡ ਕਾਹਨੂੰਵਾਨ ਨੇ ਕਿਹਾ ਕਿ ਮੈਂ ਪਿਛਲੇ ਤਿੰਨ ਸਾਲਾਂ ਤੋਂ ਅੱਗ ਨਹੀਂ ਲਗਾਈ। ਉਹਨਾਂ ਕਿਹਾ ਕਿ ਜੇ ਅਸੀਂ ਅੱਗ ਲਗਾਵਾਂਗੇ ਤਾਂ ਭਵਿੱਖ ਵਿਚ ਸਾਡੇ ਬੱਚੇ ਵੀ ਸਾਨੂੰ ਦੇਖ ਕੇ ਖੇਤ ਨੂੰ ਅੱਗ ਲਗਾਉਣਗੇ। ਅਸੀਂ ਪਹਿਲੇ ਸਲ ਪਰਾਲੀ ਗੁੱਜਰਾਂ ਨੂੰ ਚੁਕਾਈ, ਦੂਜੇ ਸਾਲ ਪਾੜ ਪਾ ਕੇ ਪਾਣੀ ਲਗਾ ਕੇ ਵਿਚੇ ਵਾਹੀ ਤੇ ਤੀਜੇ ਸਾਲ ਸੁਪਰਸੀਡਰ ਨਾਲ ਦਬਾ ਕੇ ਕਣਕ ਬੀਜੀ। ਹਰੇਕ ਫਸਲ ਬਿਜਾਈ ਚ ਅੰਤਰ ਕੱਢਿਆ ਪਰ ਪਰਾਲੀ ਵਿਚ ਬੀਜੀ ਫਸਲ ਉੱਗਣ ਵਿਚ ਵਧੀਆ ਰਹੀ ਕਿਉਂਕਿ ਖਰਾਬ ਮੌਸਮ ਦੇ ਚੱਲਦਿਆਂ ਮੀਂਹ ਦਾ ਪਾਣੀ ਪਰਾਲੀ ਚੂਸ ਲੈਂਦੀ ਹੈ ਤੇ ਕਣਕ ਵਧੀਆ ਰਹੀ, ਝਾੜ ਵਧੀਆ ਦਿੱਤਾ। ਰਿੰਕੂ ਨੇ ਕਿਹਾ ਕਿ ਮੈਂ ਖੁਦ ਦੇਖਿਆ ਕਿ ਫਸਲ ਤੇ ਜ਼ਮੀਨ ਨੂੰ ਇਕ ਸਾਲ ਪੂਰਾ ਪਰਾਲ ਖੇਤ ਦੀ ਖੁਰਾਕ ਵਜੋਂ ਦਬਾਉਣ ਨਾਲ ਫਾਇਦਾ ਮਿਲਣਾ ਸ਼ੁਰੂ ਹੁੰਦਾ ਤੇ ਹੁਣ ਮੈਨੂੰ ਤਿੰਨ ਸਾਲਾਂ ਬਾਅਦ ਦੋ ਫਾਇਦੇ ਮਿਲੇ ਪਹਿਲਾ ਕੱਖ ਘੱਟ ਹੋਏ ਤੇ ਜ਼ਮੀਨ ਪੋਲੀ ਰਹੀ ਮਿੱਤਰ ਕੀੜੇ ਨਾ ਸੜਨ ਕਰਕੇ। ਦੂਜਾ ਫਾਇਦਾ ਪਹਿਲਾ ਚਾਰ ਬੋਰੇ ਪਾਉਂਦੇ ਸੀ ਹੁਣ ਤਿੰਨ ਪਾਏ ਤੇ ਫਸਲ ਵਧੀਆ ਰਹੀ ਤੇ ਅਗਾਂਹ ਹੋਰ ਘਟਾਵਾਂਗੇ ਢਾਈ ਕਰਾਂਗੇ ਖਾਦ। ਉਹਨਾਂ ਕਿਹਾ ਕਿ ਸਾਨੂੰ ਬੇਲੋੜਾ ਪਾਣੀ ਵਰਤਣਾ ਤੇ ਵਾਤਾਵਰਣ ਸਾਫ ਰੱਖਣ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ।

**6. ਸ. ਬਲਕਾਰ ਸਿੰਘ ਪ੍ਰਧਾਨ ਕਿਸਾਨ ਯੂਨੀਅਨ** (98722-40859) ਪਿੰਡ ਫੁੱਲੜਾ ਨੇ ਕਿਹਾ ਕਿ ਮੈਂ ਪਿਛਲੇ ਤਿੰਨ ਸਾਲਾਂ ਤੋਂ ਅੱਗ ਨਹੀਂ ਲਗਾਈ। ਉਹਨਾਂ ਦੱਸਿਆ ਕਿ ਮੇਰੀ ਜ਼ਮੀਨ ਸੇਮ ਨਾਲੇ ਦੇ ਲਾਗੇ ਹੋਣ ਕਰਕੇ ਰੁੱਖ ਸੜਨ ਦੇ ਨਾਲ ਬਹੁਤ ਸਾਰੇ ਜੀਵ ਤੇ ਪੰਛੀ ਵੀ ਮਰਦੇ ਸਨ, ਜਿਸ ਕਰਕੇ ਫਿਰ ਮੇਰਾ ਮਨ ਬਦਲਿਆ। ਬਾਕੀ ਖੇਤੀਬਾੜੀ ਵਿਭਾਗ ਕਾਹਨੂੰਵਾਨ ਦੁਆਰਾ ਵਧੇਰੇ ਪ੍ਰਚਾਰ ਨੇ ਵੀ ਵਾਤਾਵਰਣ ਸਾਫ ਰੱਖਣ ਵੱਲ ਤੋਰਿਆ। ਉਹਨਾਂ ਕਿਹਾ ਕਿ ਸਾਡੀ ਮਾਝਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਵੀ ਇਸ ਮੁੱਦੇ ਤੇ ਚਿੰਤਿਤ ਹੈ ਖਾਸ ਤੌਰ ਤੇ ਸਾਡੇ ਪ੍ਰਧਾਨ ਜੀ। ਸਾਡੀ ਪਰਾਲੀ ਪਹਿਲੇ ਸਾਲ ਗੁੱਜਰ ਲੈ ਜਾਂਦੇ ਸਨ ਤੇ ਪੱਲਿਉਂ ਵਢਾਈ ਖਰਚ ਵੀ ਦਿੰਦੇ ਸਨ ਕਿਉਂਕਿ ਉਹ ਮੇਰੇ ਨੇੜੇ ਬੈਠੇ ਸਨ। ਦੂਜੇ ਸਾਲ ਮੈਂ ਪੈਸੇ ਦੇ ਕੇ ਇਕੱਠੀ ਕਰਕੇ ਬਾਹਰ ਕੱਢ ਦਿੰਦਾ ਸੀ, ਜਿਸ ਨੂੰ ਨੇੜੇ ਦੇ ਲੋਕ ਲੈ ਜਾਂਦੇ ਸਨ। ਤੀਜੇ ਸਾਲ ਸਾਡੇ ਪਿੰਡ ਵਿਚ ਸੁਪਰਸੀਡਰ ਆ ਗਿਆ, ਹੁਣ ਖਿਲਾਰ ਕੇ ਖੇਤ 'ਚ ਦਬਾ ਦਿੰਦੇ ਹਾਂ। ਅੱਜ ਸਾਡੀ ਫਸਲ ਦਾ ਰੰਗ ਬਦਲਿਆ ਝੋਨੇ ਤੇ ਗੰਨੇ ਦਾ, ਝਾੜ ਵਿਚ ਫਾਇਦਾ ਹੋਇਆ। ਝੋਨੇ ਤੋਂ ਬਾਅਦ ਕਣਕ 'ਚ ਵੀ ਅਸਰ ਦਿਸਿਆ। ਅਸੀਂ ਪਰਮਲ 121 ਨੂੰ ਜ਼ਮੀਨ ਸਖਤ ਹੋਣ ਕਰਕੇ ਪੰਜ ਬੋਰੇ ਯੂਰੀਆ ਪਾਉਂਦੇ ਸਾਂ। ਹੁਣ ਕੁਦਰਤੀ ਜੀਵਾਂ ਕਰਕੇ ਮਿੱਟੀ ਪੋਲੀ ਹੋਈ ਤੇ ਹੁਣ ਯੂਰੀਆ ਖਾਦ ਦੇ ਦੋ ਬੋਰੇ ਪਾਉਂਦੇ ਹਾਂ। ਬਲਕਾਰ ਸਿੰਘ ਨੇ ਕਿਹਾ ਕਿ ਅਸੀਂ ਝੋਨੇ ਵਿਚ ਹਰੀ ਦਵਾਈ ਪਾਉਣੀ ਵੀ ਬੰਦ ਕਰ ਦਿੱਤੀ ਜੋ ਗੰਡੋਏ ਮਾਰਦੀ ਹੈ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਾਹਲੀ ਨਾ ਕਰਨ ਬਿਜਾਈ ਦੀ, ਹਰੀ ਖਾਦ ਹੀ ਮਿੱਟੀ ਦੀ ਉਪਜਾਊਤਾ ਵਧਾਉਂਦੀ ਹੈ, ਜਿਸ ਨਾਲ ਫਸਲ ਸਿਹਤਮੰਦ ਰਹਿੰਦੀ ਹੈ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

**7. ਸ. ਨਿਸ਼ਾਨ ਸਿੰਘ** (82848-55685) ਪਿੰਡ ਛਿੱਛਰਾਂ ਨੇ ਕਿਹਾ ਕਿ ਮੈਂ ਪਿਛਲੇ 4 ਸਾਲਾਂ ਤੋਂ ਅੱਗ ਨਹੀਂ ਲਗਾਈ। ਉਹਨਾਂ ਕਿਹਾ ਕਿ ਪੰਜਾਬ ਨੂੰ ਸਾਫ ਸੁਥਰਾ ਰੱਖਣ ਲਈ ਸਾਨੂੰ ਆਪਣੇ ਆਪ ਨੂੰ ਬਦਲਣਾ ਪਵੇਗਾ। ਸੁਪਰਸੀਡਰ ਵੀ ਸਾਰਾ ਕੁੱਝ ਨਹੀਂ ਕਰਦਾ, ਪਰ ਸਾਨੂੰ ਖੇਤੀ ਵਿਭਾਗ ਤੋਂ ਬੇਲਰ ਮਿਲਿਆ, ਸਾਡੀ ਉਪਜਾਊਤਾ ਨਾਲ ਪੈਦਾਵਾਰ ਵਧੀ ਤੇ ਮਿੱਟੀ ਬੰਜਰ ਨਹੀਂ ਬਣੀ। ਸਾਡੀ ਸੋਚ ਹੈ ਕਿ ਆਪ ਵੀ ਜੀਓ ਤੇ ਲੋਕਾਂ ਨੂੰ ਵੀ ਜਿਉਣ ਦੇਈਏ, ਸਾਹ ਲੈਣ ਵਾਲੀ ਸਾਫ ਹਵਾ ਨੂੰ ਲੋਕਾਂ ਤੇ ਪਸ਼ੂ, ਪੰਛੀ ਜੀਵਾਂ ਦੇ ਲਈ ਹਵਾ ਦੂਸ਼ਿਤ ਕਰਨ ਦਾ ਸਾਨੂੰ ਕੋਈ ਹੱਕ ਨਹੀਂ। ਅਸੀਂ ਦੇਖਿਆ ਅੱਗ ਨਾਲ ਮਿੱਟੀ ਖੁਸ਼ਕ ਹੋ ਕੇ ਸੜ ਜਾਂਦੀ ਹੈ। ਕਣਕ ਤੇ ਝੋਨੇ ਵੇਲੇ ਤਵਿਆਂ ਦੀ ਪਾੜ ਪਾ ਦਿੰਦੇ ਹਾਂ। ਅੱਗ ਨਾ ਲਗਾਉਣ ਕਰਕੇ ਖੇਤਾਂ 'ਚ ਗੰਡੋਏ ਵਧੇ ਜਿਸ ਨਾਲ ਜ਼ਮੀਨ ਪੋਲੀ ਹੋਈ, ਜਿਸ ਨਾਲ ਫਸਲੀ ਸਿਹਤ ਤੇ ਬਿਮਾਰੀਆਂ 'ਚ ਸੁਧਾਰ ਹੋਇਆ। ਹੁਣ ਅਸੀਂ 2.5 ਬੋਰੇ ਯੂਰੀਆ ਪਾਉਂਦੇ ਹਾਂ, ਜੋ ਪਹਿਲਾਂ 3.5 ਸੀ, ਅਗਾਂਹ ਹੋਰ ਖਾਦ ਘਟਾਵਾਂਗੇ। ਕਿਉਂਕਿ ਜ਼ਮੀਨ ਵਿਚ ਕਾਫੀ ਸੂਖਮਜੀਵ ਵੱਧੇ ਹਨ। ਨਿਸ਼ਾਨ ਸਿੰਘ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਥੋੜ੍ਹਾ ਸਬਰ ਨਾਲ ਚੱਲਣ, ਕਣਕ ਬਿਜਾਈ ਦੀ ਕਾਹਲੀ ਨਾ ਕਰਨ, ਜੋ ਲਗਾਉਣ ਦਾ ਸਬੱਬ ਬਣਦਾ।

**8. ਸ. ਬਿਸ਼ੰਬਰ ਸਿੰਘ ਲਾਡੀ** (99154-45439) ਪਿੰਡ ਰਾਜੂਬੇਲਾ ਨੇ ਕਿਹਾ ਕਿ ਮੈਂ ਪਿਛਲੇ 5 ਸਾਲਾਂ ਤੋਂ ਅੱਗ ਨਹੀਂ ਲਗਾ ਰਿਹਾ। ਰੁੱਖ ਤੇ ਜੀਵਾਂ ਦੇ ਆਲ੍ਹਣੇ ਸੜਦੇ ਦੇਖ ਕੇ ਮਨ ਬਦਲਿਆ, ਕਿ ਅਸੀਂ ਕੇਵਲ ਆਪਣੇ ਲਾਭ ਲਈ ਏਨੇ ਨਿਰਦੇਈ ਨਹੀਂ। ਉਹਨਾਂ ਦੱਸਿਆ ਕਿ ਪਹਿਲੇ ਦੋ ਸਾਲ ਗੁੱਜਰਾਂ ਤੋਂ ਚੁੱਕਵਾਉਂਦੇ ਸਾਂ। ਫਿਰ ਇਕ ਸਾਲ ਪਰਾਲੀ ਖਿਲਾਰ ਕੇ ਸੁਪਰਸੀਡਰ ਨਾਲ ਵਿਚੇ ਦਬਾ ਕੇ ਪਰਾਲੀ ਵਿਚ ਬਿਜਾਈ ਕੀਤੀ। ਉਹਨਾਂ ਕਿਹਾ ਕਿ ਹੁਣ ਸਾਡੇ ਕੋਲ ਬੇਲਰ ਆ ਗਿਆ ਹੈ ਪਰਾਲੀ ਝੱਟ ਇਕੱਠੀ ਹੋ ਜਾਂਦੀ ਹੈ। ਅੱਗ ਨਾ ਲਗਾਉਣ ਕਰਕੇ ਝੋਨਾ ਤੇ ਗੰਨਾ ਅੱਗੇ ਨਾਲੋਂ ਚੰਗਾ ਪੈਦਾਵਾਰ ਦਿੰਦਾ ਦਿਸਿਆ। ਝੋਨੇ ਤੋਂ ਬਾਅਦ ਕਣਕ ਨੇ ਚੰਗਾ ਝਾੜ ਦਿੱਤਾ। ਅਸੀਂ ਚਾਰ ਬੋਰੇ ਯੂਰੀਆ ਤੋਂ ਢਾਈ ਤੇ ਆ ਗਏ ਹਾਂ ਅਗਾਂਹ ਹੋਰ ਖਾਦ ਘਟਾਵਾਂਗੇ। ਮਿੱਟੀ ਵਿਚ ਸੁਧਾਰ ਕਾਫੀ ਸੂਖਮਜੀਵ ਕਰਕੇ ਹੋਇਆ। ਉਹਨਾਂ ਕਿਹਾ ਕਿ ਵਾਤਾਵਰਣ ਦੇ ਪ੍ਰਦੂਸ਼ਣ ਨਾਲ ਜਨਜੀਵਨ ਨੂੰ ਸਾਹ ਲੈਣ ਵਿਚ ਦਿੱਕਤ ਆਉਂਦੀ ਹੈ। ਸਾਨੂੰ ਸਭ ਮਨੁੱਖਤਾ ਦਾ ਫਰਜ਼ ਸਮਝਦਿਆਂ ਅੱਗ ਲਗਾਉਣ ਵੱਲ ਨਹੀਂ ਤੁਰਨਾ ਚਾਹੀਦਾ। ਆਓ ਕਿਸਾਨ ਵੀਰੋ ਕਿਸੇ ਦੇ ਸਮਝਾਉਣ ਨਾਲੋਂ ਆਮ ਸਮਝਦਾਰ ਬਣੀਏ ਤੇ ਕੁਦਰਤ ਨਾਲ ਆਪਣਾ ਯੁਗਾਂ ਯੁਗਾਂਤਰਾਂ ਦਾ ਰਿਸ਼ਤਾ ਬਣਾਈਏ।







# ਪਸ਼ੂਆਂ ਦੀ ਖ਼ੁਰਾਕ ਅਤੇ ਵਿਛਾਉਣ ਲਈ ਪਰਾਲੀ ਦੀ ਵਰਤੋਂ

**ਇਸ ਸਾਲ ਪੰਜਾਬ ਵਿਚ ਲਗਭਗ 32.43 ਲੱਖ ਹੈਕਟੇਅਰ ਤੇ ਝੋਨਾ ਬੀਜਿਆ ਗਿਆ ਹੈ ਅਤੇ ਇਸਦਾ ਉਤਪਾਦ 212 ਲੱਖ ਟਨ ਲਗਾਇਆ ਜਾ ਰਿਹਾ ਹੈ । ਇਸਦੀ ਔਸਤਨ ਪੈਦਾਵਾਰ 7 ਟਨ ਪ੍ਰਤੀ ਹੈਕਟੇਅਰ ਆਉਂਦੀ ਹੈ । ਝੋਨੇ ਦੀ ਪੈਦਾਵਾਰ ਦੇ ਨਾਲ-ਨਾਲ ਕਈ ਸਹਿ-ਉਤਪਾਦ ਦੀ ਪੈਦਾ ਹੁੰਦੇ ਹਨ, ਜਿਨ੍ਹਾਂ ਵਿਚੋਂ ਪਰਾਲੀ ਇਕ ਹੈ । ਅੰਦਾਜਨ, ਪੰਜਾਬ ਵਿਚ 21 ਲੱਖ ਟਨ ਪਰਾਲੀ ਬਣਦੀ ਹੈ, ਜਿਸ ਵਿਚੋਂ ਬਹਤੀ ਤਾਂ ਖੇਤਾਂ ਵਿਚ ਹੀ ਜਲਾ ਦਿੱਤੀ ਜਾਂਦੀ ਹੈ, ਭਾਵੇਂ ਪਿਛਲੇ ਸਾਲ ਸਿਰਫ 43% ਹੀ ਜਲਾਈ ਗਈ ਸੀ । ਪਰਾਲੀ ਨੂੰ ਜਲਾਉਣਾ ਜਿਥੇ ਮਨੁੱਖੀ ਸਿਹਤ ਲਈ ਖਤਰਨਾਕ ਹੈ, ਉੱਥੇ ਅਜਿਹਾ ਕਰਨ ਨਾਲ ਵਾਤਾਵਰਣ ਪ੍ਰਦੂਸ਼ਤ ਹੁੰਦਾ ਹੈ । ਇਸ ਤੋਂ ਇਲਾਵਾ, ਪਰਾਲੀ ਨੂੰ ਸਾੜਨ ਨਾਲ ਜ਼ਮੀਨ ਦੀ ਉਪਰਲੀ ਪਰਤ ਵਿੱਚੋਂ ਨਾਈਟ੍ਰੋਜਨ, ਫਾਸਫੋਰਸ, ਸਲਫਰ ਅਤੇ ਪੋਟਾਸ਼ੀਅਮ ਵਰਗੇ ਤੱਤਾਂ ਦੀ ਕਮੀ ਹੋ ਜਾਂਦੀ ਹੈ, ਜਿਸ ਨਾਲ ਉਪਜਾਊ ਸ਼ਕਤੀ ਘੱਟਦੀ ਹੈ, ਨਤੀਜਾ ਜ਼ਮੀਨ ਭਵਿੱਖ ਵਿਚ ਖੇਤੀਬਾੜੀ ਲਈ ਸਹੀ ਨਹੀਂ ਰਹਿੰਦੀ । ਇਕ ਅਨੁਮਾਨ ਅਨੁਸਾਰ ਸਾਲਾਨਾ 150 ਕਰੋੜ ਰੁਪਏ ਦੇ ਸੂਖਮ ਤੱਤਾਂ ਦਾ ਨੁਕਸਾਨ ਹੁੰਦਾ ਹੈ ।**


**ਪਰਮਿੰਦਰ ਸਿੰਘ**, ਵਧੀਕ ਨਿਰਦੇਸ਼ਕ ਪਾਸਾਰ ਸਿੱਖਿਆ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ।

ਵਿਗਿਆਨਿਕਾਂ ਦੁਆਰਾ ਪਰਾਲੀ ਦੀ ਸੁਚੱਜੀ ਵਰਤੋਂ ਕਰਨ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ । ਜਿਵੇਂ ਕਿ ਪਰਾਲੀ ਵਿਚ ਮੌਜੂਦ ਊਰਜਾ ਕਾਰਣ, ਇਸ ਦਾ ਉਪਯੋਗ ਪਾਵਰ ਪਲਾਂਟਾਂ ਵਿਚ ਬਾਲਣ ਦੇ ਤੌਰ ਤੇ ਕਰਨਾ । ਪਰਾਲੀ ਦਾ ਇਸਤੇਮਾਲ ਬਾਇਉਫਿਯੂਲ, ਜੈਵਿਕ ਖਾਦਾਂ, ਕਾਗਜ਼ ਅਤੇ ਗੱਤੇ ਦੇ ਕਾਰਖਾਨਿਆਂ ਵਿਚ ਵੀ ਕੀਤਾ ਜਾ ਸਕਦਾ ਹੈ । ਪਰਾਲੀ ਦੀ ਵਰਤੋਂ ਦੁਧਾਰੂ ਪਸ਼ੂਆਂ ਦੀ ਖੁਰਾਕ ਵਿਚ ਵੀ ਕੀਤੀ ਜਾ ਸਕਦੀ ਹੈ ਅਤੇ ਮੁਰਗੀਆਂ ਦੇ ਫਾਰਮਾਂ ਤੇ ਵਿਛਾਈ ਦੇ ਤੌਰ ਤੇ ਵੀ ਗੁਣਕਾਰੀ ਸਿੱਧ ਹੁੰਦੀ ਹੈ । ਮੋਟੇ ਤੌਰ ਤੇ ਯੋਜਨਾ ਜਾਂ ਪਾਲਿਸੀ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਇਸ ਸਹਿ-ਉਤਪਾਦ-ਪਰਾਲੀ ਦਾ ਇਸਤੇਮਾਲ ਆਰਥਿਕ ਅਤੇ ਵਪਾਰਕ ਪੱਧਰ ਤੇ ਹੋਵੇ, ਤਾਂ ਜੋ ਖੇਤ ਵਿਚ ਪਰਾਲੀ ਨੂੰ ਜਲਾਉਣਾ, ਇਕ ਕਿਸਾਨ ਨੂੰ ਆਪਣਾ ਆਰਥਿਕ ਨੁਕਸਾਨ ਜਾਪੇ ।

ਪਰਾਲੀ ਦੀ ਵਰਤੋਂ ਹਰੇ ਚਾਰੇ ਦੇ ਬਦਲ 'ਚ ਭਵਿੱਖ ਲਈ ਕਈ ਖਰਚਿਆਂ ਨੂੰ ਘਟਾ ਸਕਦੀ ਹੈ । ਪਰ ਇਕ ਲਵੇਰੇ ਦੀ ਖਾਣ ਦੀ ਸਮਰਥਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਪਰਾਲੀ ਕਿੰਨੀ ਕੁ ਹਜ਼ਮ ਕਰ ਸਕਦਾ ਹੈ । ਕਿਸੇ ਵੀ ਚਾਰੇ ਦੀ ਖੁਰਾਕੀ ਗੁਣਵੱਤਾ ਉਸ ਵਿਚਲੇ ਤੱਤਾਂ ਅਤੇ ਰੇਸ਼ੇ ਤੇ ਨਿਰਭਰ ਕਰਦੀ ਹੈ । ਪਰਾਲੀ ਵਿਚ ਲਗਭਗ 40 % ਸੈਲੁਲੋਜ਼ (Cellulose), 18% ਹੈਮੀਸੈਲੁਲੋਜ਼ (Hemicellulose) ਅਤੇ 5.5% ਲਿਗਨਿਨ (Lignin) ਹੁੰਦਾ ਹੈ । ਇਸ ਲਿਗਨਿਨ ਸਦਕਾ ਹੀ ਝੋਨੇ ਦੇ ਪੌਦੇ ਨੂੰ ਖੁਰਾਕੀ ਤੱਤ ਮਿਲਦੇ ਹਨ, ਪਾਣੀ ਮਿਲਦਾ ਹੈ, ਬੂਟਾ ਦਾਣਿਆਂ ਦਾ ਭਾਰ ਸੰਭਾਲ ਸਕਦਾ ਹੈ । ਇਹ ਲਿਗਨਿਨ ਇਕ ਪਸ਼ੂ ਹਜ਼ਮ ਨਹੀਂ ਕਰ ਸਕਦਾ । ਪਰਾਲੀ ਵਿਚ 15% ਦੇ ਲਗਭਗ ਰੇਤਾ ਹੁੰਦਾ ਹੈ ਜਿਸ ਸਦਕਾ ਪਸ਼ੂ ਇਸਨੂੰ ਜ਼ਿਆਦਾ ਖਾਣ ਤੋਂ ਗੁਰੇਜ਼ ਕਰਦੇ ਹਨ । ਆਮ ਹਾਲਤਾਂ ਵਿਚ ਇਕ ਚੰਗੀ ਲਵੇਰੀ (ਮੱਝ 10 ਲਿਟਰ ਤੇ ਗਾਂ 15 ਲਿਟਰ ਦੁੱਧ ਪ੍ਰਤੀ ਦਿਨ) 30 ਕਿਲੋ ਹਰਾ ਚਾਰਾ, 1-2 ਕਿਲੋ ਤੂੜੀ/ਪਰਾਲੀ ਅਤੇ 5-6 ਕਿਲੋ ਫੀਡ ਖਾ ਸਕਦੀਆਂ ਹਨ । ਪਰ ਹਰਾ ਤਾਂ ਹਰ ਸਾਲ ਘੱਟ ਰਿਹਾ ਹੈ (ਝੋਨੇ/ਕਣਕ ਨੂੰ ਪਹਿਲ), ਇਸ ਕਰਕੇ ਮਜਬੂਰਨ ਫੀਡ ਵੱਧ ਖੁਆਣੀ ਪੈ ਰਹੀ ਹੈ । ਪਰ ਮਹਿੰਗੀ ਤੇ ਮਿਆਰੀ ਨਾ ਮਿਲਣ ਕਰਕੇ ਘਰ ਦੇ ਹੀ ਟੋਟਕੇ ਵਧੇਰੇ ਚਲਾਏ ਜਾ ਰਹੇ ਹਨ ।

ਪਰਾਲੀ ਵਿਚਲੇ ਖੁਰਾਕੀ ਤੱਤਾਂ ਦੀ ਮਾਤਰਾ ਵੀ ਕਈ ਗੱਲਾਂ ਤੇ ਨਿਰਭਰ ਕਰਦੀ ਹੈ ; ਜਿਵੇਂ ਕਿ ਕਟਾਈ ਦਾ ਸਮਾਂ (ਦੇਰੀ ਨਾਲ ਕੱਟੇ ਝੋਨੇ ਵਿਚ ਲਿਗਨਿਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ), ਖਾਦਾਂ ਦੀ ਵਰਤੋਂ (ਵੱਧ ਯੂਰੀਆ ਪਾਣ ਨਾਲ ਲਿਗਨਿਨ ਵੱਧਦਾ ਹੈ), ਮਿੱਟੀ ਦੀ ਉਪਜਾਊ ਸ਼ਕਤੀ, ਪੱਤੇ ਦੀ ਲੰਬਾਈ ਅਤੇ ਚੁੜਾਈ ਦਾ ਅਨੁਪਾਤ, ਕੁਤਰੀ ਪਰਾਲੀ ਦੀ ਲੰਬਾਈ, ਝੋਨੇ ਦੀ ਕਿਸਮ ਨੂੰ ਲੱਗਣ ਵਾਲੀਆਂ ਬਿਮਾਰੀਆਂ, ਕਟਾਈ ਤੋਂ ਸਾਂਭਣ ਤੱਕ ਦਾ ਸਮਾਂ, ਪੌਦੇ ਦੀ ਲੰਬਾਈ ਅਤੇ ਮੌਸਮ ਦੇ ਹਾਲਾਤ ਆਦਿ । ਪਿਛਲੇ ਦਹਾਕੇ ਵਿਚ ਪਰਾਲੀ ਨੂੰ ਪਸ਼ੂਆਂ ਦੀ ਖੁਰਾਕ ਦਾ ਅਹਿਮ ਹਿੱਸਾ ਬਣਾਉਣ ਲਈ ਕਈ ਯਤਨ ਕੀਤੇ ਗਏ, ਜੋ ਕਿ ਸੰਖੇਪ ਵਿਚ ਵਰਨਣ ਕੀਤੇ ਜਾ ਰਹੇ ਹਨ :

★ **ਪਾਣੀ ਨਾਲ ਭਿਉਂਣਾ** : ਜੇਕਰ ਪਰਾਲੀ ਨੂੰ ਰਾਤ ਭਰ ਪਾਣੀ 'ਚ ਭਿਉਂ ਦਿੱਤਾ ਜਾਏ, ਤਾਂ ਇਸ ਵਿਚਲੇ ਰੇਸ਼ੇ ਫੁਲ ਜਾਂਦੇ ਹਨ, ਮੁਲਾਇਮ ਹੋ ਜਾਂਦੇ ਹਨ । ਲਿਗਨਿਨ ਦੀ ਪੱਕੜ ਢਿਲੀ ਹੋ ਜਾਂਦੀ ਹੈ ਤੇ ਉਝਰੀ (Rumen) ਦੇ ਕੀਟਾਣੂ ਇਸ ਪਰਾਲੀ ਨੂੰ ਆਸਾਨੀ ਨਾਲ ਹਜ਼ਮ ਕਰ ਸਕਦੇ ਹਨ । ਇਹ ਦੇਖਣ ਵਿਚ ਆਇਆ ਹੈ ਕਿ ਪਸ਼ੂ ਗਿੱਲੀ ਪਰਾਲੀ ਵੱਧ ਖਾਂਦੇ ਹਨ ਤੇ ਪਰਾਲੀ ਨੂੰ ਹਜ਼ਮ ਕਰਨ ਦੀ ਸ਼ਕਤੀ 10 ਫੀਸਦੀ ਤਕ ਵੱਧ ਜਾਂਦੀ ਹੈ । ਅੱਧਾ ਕਿਲੋ ਤੋਂ ਇਕ ਕਿਲੋ ਦੁੱਧ ਵੀ ਰੋਜ਼ਾਨਾ ਵੱਧਦਾ ਹੈ । ਪਰ ਪਾਣੀ ਦੀ ਕੁਆਲਿਟੀ ਯਕੀਨੀ ਬਣਾਉਣੀ ਪੈਂਦੀ ਹੈ । ਪਾਣੀ ਦੀ ਕੁੰਡ/ਹੌਦੀ ਆਦਿ ਨੂੰ ਚੰਗੀ ਤਰ੍ਹਾਂ ਸਾਫ ਰੱਖਣਾ ਪੈਂਦਾ ਹੈ ਨਹੀਂ ਤਾਂ ਪਰਾਲੀ ਵਿਚਲਾ ਰੇਤਾ ਹੀ ਇਕੱਠਾ ਹੋ ਜਾਂਦਾ ਹੈ ।



★ **ਕੁੱਤਰਾ ਕਰਨਾ** : ਜੇਕਰ ਮਸ਼ੀਨਾਂ ਨਾਲ ਪਰਾਲੀ ਦਾ ਬਰੀਕ ਕੁੱਤਰਾ ਕਰ ਲਿਆ ਜਾਏ (1-2 ਇੰਚ) ਤਾਂ ਦੇਖਣ 'ਚ ਆਇਆ ਹੈ ਕਿ ਪਰਾਲੀ ਵਿਚਲੇ ਰੇਸ਼ੇ ਦੇ ਵੀ ਬਰੀਕ ਟੁਕੜੇ ਹੋ ਜਾਂਦੇ ਹਨ । ਇਸ ਵਿਚਲੇ ਸੈਲੀਲੋਜ਼ ਅਤੇ ਹੈਮੀਸੈਲੀਲੋਜ਼ ਬਹੁਤ ਹੱਦ ਤੱਕ ਲਿਗਨਿਨ ਤੋਂ ਅਲੱਗ ਹੋ ਜਾਂਦੇ ਹਨ ਤੇ ਪਰਾਲੀ ਦੀ ਪਚਣ ਸ਼ਕਤੀ ਵੱਧ ਜਾਂਦੀ ਹੈ । ਇਸ ਵਿਧੀ ਰਾਹੀਂ ਪਸ਼ੂ ਪਰਾਲੀ ਨੂੰ ਅੰਜਾਈ ਵੀ ਨਹੀਂ ਕਰਦੇ ਅਤੇ ਚੁਣ ਚੁਣ ਕੇ ਵੀ ਨਹੀਂ ਖਾਂਦੇ ਤੇ ਲਿਤਾੜਦੇ ਵੀ ਨਹੀਂ ।

★ **ਪਰਾਲੀ ਦੀਆਂ ਗੋਲੀਆਂ ਵਾਲੀ ਫੀਡ** : ਅੱਜ ਕਲ ਪਸ਼ੂਆਂ ਦੀ ਖੁਰਾਕ 'ਚ ਵਧੇਰੇ ਪਰਾਲੀ ਦੀ ਵਰਤੋਂ ਕਰਨ ਦੇ ਯਤਨਾਂ ਸਦਕਾ, ਕੁੱਤਰੀ/ਬਰੀਕ ਪਰਾਲੀ ਨੂੰ ਕੁੱਝ ਹੋਰ ਜਿਣਸਾਂ (ਸ਼ੀਰਾ, ਪਾਲਿਸ਼, ਚੋਕਰ ਆਦਿ) ਨਾਲ ਮਿਲਾ ਕੇ ਮਸ਼ੀਨਾਂ ਰਾਹੀਂ ਗੋਲੀਆਂ ਦੇ ਰੂਪ 'ਚ ਬਣਾਉਣ ਦੇ ਤਜਰਬੇ ਕੀਤੇ ਜਾ ਰਹੇ ਹਨ । ਗੋਲੀਆਂ ਵਾਲੀ ਪਰਾਲੀ ਦੀ ਫੀਡ ਇਕ ਆਕਾਰ ਦੀ ਬਣਦੀ ਹੈ, ਧੂੜੇ ਆਦਿ ਤੋਂ ਬਚਾਅ ਰਹਿੰਦਾ ਹੈ, ਸਾਂਭ ਸੰਭਾਲ ਸੌਖੀ ਹੁੰਦੀ ਹੈ । ਇਸ ਕਿਸਮ ਦੀ ਪਰਾਲੀ ਖਾ ਕੇ ਮੀਥੇਨ ਗੈਸ ਦੇ ਉਤਪਾਦ ਵਿਚ ਕਮੀ ਹੁੰਦੀ ਹੈ ਤੇ ਦੁੱਧ ਵਿਚ ਵੀ ਵਾਧਾ ਦੱਸਿਆ ਗਿਆ ਹੈ । ਪਰ ਇਸ ਕਿਸਮ ਦੀ ਪਰਾਨੀ ਦੀ ਫੀਡ ਦੇ ਨਤੀਜੇ ਉਸ ਵਿਚਲੇ ਪਰਾਲੀ ਦੇ ਅਨੁਪਾਤ ਤੇ ਨਿਰਭਰ ਕਰਦੇ ਹਨ । ਅਕਸਰ ਦੇਖਿਆ ਗਿਆ ਹੈ ਕਿ ਪਰਾਲੀ ਦੀ ਗੋਲੀ ਵਿਚ 80-85% ਪਰਾਲੀ ਹੀ ਹੁੰਦੀ ਹੈ, ਇਸ ਕਰਕੇ ਅਕਸਰ ਪਸ਼ੂ ਪੇਟਭਰ ਨਹੀਂ ਖਾਂਦੇ । ਇਸ ਕਿਸਮ ਦੀ ਗੋਲੀ ਵਾਲੀ ਪਰਾਲੀ ਜ਼ਿਆਦਾਤਰ ਖਾੜੀ ਦੇ ਦੇਸ਼ਾਂ ਨੂੰ ਨਿਰਯਾਤ ਕਰਨ ਦੇ ਯਤਨ ਹੋ ਰਹੇ ਹਨ, ਜਿਥੇ ਹਰਾ ਚਾਰਾ ਨਾ ਦੇ ਬਰਾਬਰ ਤੇ ਬਹੁਤੇ ਪਸ਼ੂ ਮੀਟ (Beef) ਲਈ ਪਾਲੇ ਜਾਂਦੇ ਹਨ ।

★ **ਭਾਫ ਪ੍ਰਣਾਲੀ** : ਪਰਾਲੀ ਨੂੰ ਪਸ਼ੂਆਂ ਲਈ ਵੱਧ ਤੋਂ ਵੱਧ ਖੁਆਉਣ ਦੇ ਤਰੀਕਿਆਂ ਵਿਚੋਂ ਇਕ ਤਰੀਕਾ ਹੈ ਕਿ ਪਰਾਲੀ ਨੂੰ ਭਾਫ ਰਾਹੀਂ ਸੋਧਿਆ ਜਾਏ । ਭਾਫ ਦਾ ਪ੍ਰੈਸ਼ਰ 7 ਤੋਂ 10 ਕਿਲੋ ਪ੍ਰਤੀ ਵਰਗ ਸੈਂਟੀਮੀਟਰ ਹੋਣਾ ਚਾਹੀਦਾ ਹੈ । ਭਾਫ ਨਾਲ ਵੀ ਸੈਲੂਲੋਜ਼ ਅਤੇ ਹੈਮੀਸੈਲੁਲੋਜ਼ ਲਿਗਨਿਨ ਤੋ ਅਲੱਗ ਹੋ ਜਾਂਦੇ ਹਨ ਤੇ ਪਸ਼ੂ ਪਰਾਲੀ ਨੂੰ ਬਿਹਤਰ ਤਰੀਕੇ ਨਾਲ ਪਚਾ ਸਕਦੇ ਹਨ । ਇਸ ਵਿਧੀ ਰਾਹੀਂ ਪਸ਼ੂ ਵੱਧ ਪਰਾਲੀ ਖਾ ਸਕਦੇ ਹਨ । ਪਰ ਇਹ ਵਿਧੀ ਮਹਿੰਗੀ ਪੈਂਦੀ ਹੈ ਕਿਉਕਿ ਭਾਫ ਪ੍ਰਣਾਲੀ ਦੀਆਂ ਮਸ਼ੀਨਾਂ ਮਹਿੰਗੀਆਂ ਹਨ, ਕਈ ਵਾਰ ਜ਼ਿਆਦਾ ਭਾਫ ਦਾ ਸਮਾਂ ਦੇ ਦਿਤਾ ਤਾਂ ਪਰਾਲੀ ਵਿਚਲੇ ਸੂਖਮ ਪਦਾਰਥ ਸੜ ਸਕਦੇ ਹਨ ਤੇ ਪਸ਼ੂ ਸਗੋਂ ਪਰਾਲੀ ਨੂੰ ਮੂੰਹ ਨਹੀਂ ਲਾਉਂਦੇ ।

(ਚੱਲਦਾ)


BEW

ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ

KSA

4 IN 1 COMBO

BEW ਸੁਪਰ ਸੀਡਰ





• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਉਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ

TOLL FREE NUMBER
1800-120-004455

• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

ਰਤਨ ਜੀ ਨੂੰ ਕੇਵਲ ਲੋਕ ਭਲਾਈ ਲਈ ਹੀ ਯਾਦ ਨਹੀਂ ਕੀਤਾ ਜਾਂਦਾ ਸਗੋਂ ਇਨ੍ਹਾਂ ਨੂੰ ਜਾਨਵਰਾਂ ਨਾਲ ਹੀ ਬਹੁਤ ਪਿਆਰ ਸੀ । ਦਿੱਲੀ ਸਥਿਤ ਇਨ੍ਹਾਂ ਦੇ ਹੋਟਲ ਵਿਚ ਇਕ ਉੱਚ ਪੱਧਰੀ ਡੈਲੀਗੇਸ਼ਨ ਠਹਿਰਿਆ ਹੋਇਆ ਸੀ । ਉਹ ਜਦੋਂ ਹੋਟਲ ਵਿਚ ਆਏ ਤਾਂ ਪੋਰਚ ਵਿਚ ਇਕ ਕੁੱਤਾ ਸੁੱਤਾ ਪਿਆ ਸੀ । ਦਿੱਲੀ ਦੇ ਸਭ ਤੋਂ ਵਧੀਆ ਹੋਟਲ ਵਿਚ ਸੁੱਤੇ ਪਏ ਕੁੱਤੇ ਨੂੰ ਵੇਖ ਉਨ੍ਹਾਂ ਨੂੰ ਗੁੱਸਾ ਵੀ ਆਇਆ ਤੇ ਹੈਰਾਨੀ ਵੀ ਹੋਈ । ਪੁੱਛਣ ਤੇ ਮੈਨੇਜਰ ਨੇ ਦੱਸਿਆ ਕਿ ਮਾਲਕਾਂ ਦਾ ਹੁਕਮ ਹੈ ਕਿ ਕਿਸੇ ਵੀ ਜਾਨਵਰ ਨੂੰ ਦੁਰਕਾਰਿਆ ਨਾ ਜਾਵੇ ।



## ਸਫਲ ਕਾਰੋਬਾਰੀ ਅਤੇ ਲੋਕਾਂ ਦਾ ਮਸੀਹਾ

# ਰਤਨ ਟਾਟਾ

ਡਾ. ਰਣਜੀਤ ਸਿੰਘ

ਟਾਟਾ ਗਰੁੱਪ 30 ਤੋਂ ਵੱਧ ਕੰਪਨੀਆਂ ਦਾ ਮਾਲਕ ਹੈ । ਇਨ੍ਹਾਂ ਦਾ ਕਾਰੋਬਾਰ 100 ਦੇਸ਼ਾਂ ਵਿਚ ਫੈਲਿਆ ਹੋਇਆ ਹੈ, ਜਿੱਥੇ ਵੀ ਟਾਟਾ ਦੀ ਮੋਹਰ ਲੱਗ ਗਈ ਉਸ ਦੀ ਗੁਣਵੱਤਾ ਅਤੇ ਭਰੋਸੇਯੋਗਤਾ ਉੱਤੇ ਕਿੰਤੂ ਪਰੰਤੂ ਕਰਨ ਦੀ ਗੁੰਜਾਇਸ਼ ਨਹੀਂ ਹੈ । ਭਾਵੇਂ ਕਿ ਇਸ ਦੇ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੋਇਆ ਹੈ ਪਰ ਫਿਰ ਵੀ ਉਨ੍ਹਾਂ ਦਾ ਨਾਮ ਭਾਰਤ ਦੇ ਸਭ ਤੋਂ ਅਮੀਰ 100 ਘਰਾਣਿਆਂ ਦੀ ਸੂਚੀ ਵਿਚ ਨਹੀਂ ਆਉਂਦਾ ਕਿਉਂਕਿ ਇਸ ਗਰੁੱਪ ਦੇ ਮੁੱਖੀ ਰਤਨ ਟਾਟਾ ਦਾ ਮੁੱਖ ਮੰਤਵੀ ਕੇਵਲ ਪੈਸਾ ਕਮਾਉਣਾ ਨਹੀਂ ਸੀ ਸਗੋਂ ਇਮਾਨਦਾਰੀ, ਗੁਣਵੱਤਾ ਅਤੇ ਲੋਕ ਭਲਾਈ ਉਸ ਦੀ ਪਹਿਲ ਸੀ । ਉਸਨੇ ਆਪਣੇ ਅਸੂਲਾਂ ਨਾਲ ਕਦੇ ਸਮਝੌਤਾ ਨਹੀਂ ਕੀਤਾ । ਉਸ ਨੂੰ ਆਪ ਹੀ ਬਣਾਏ ਚੇਅਰਮੈਨ ਸਾਈਰਸ ਮਿਸਤਰੀ ਨੂੰ ਉਸ ਦੇ ਅਹੁੱਦੇ ਤੋਂ ਹਟਾਉਣ ਲਈ ਬਹੁਤ ਕੁੱਝ ਕਰਨਾ ਪਿਆ ਕਿਉਂਕਿ ਉਹ ਟਾਟਾ ਦੇ ਬਣਾਏ ਅਸੂਲਾਂ ਅਨੁਸਾਰ ਕੰਮ ਕਰਨ ਵਿਚ ਦ੍ਰਿੜ ਨਹੀਂ ਸੀ ।

ਮੈਂ ਰਤਨ ਟਾਟਾ ਨੂੰ ਕਦੇ ਮਿਲਣਾ ਤਾਂ ਦੂਰ ਉਸ ਦੇ ਦਰਸ਼ਨ ਵੀ ਨਹੀਂ ਕਰ ਸਕਿਆ । ਹਾਲਾਂਕਿ ਇਹ ਮੇਰੀ ਤਾਂਘ ਜ਼ਰੂਰ ਰਹੀ ਹੈ । ਜੇਕਰ ਕੋਈ ਸਾਂਝ ਕੱਢਣੀ ਹੋਵੇ ਤਾਂ ਅਮਰੀਕਾ ਦੀ ਜਿਸ ਯੂਨੀਵਰਸਿਟੀ ਵਿਚ ਉਸ ਪੜ੍ਹਾਈ ਕੀਤੀ ਸੀ ਮੈਨੂੰ ਵੀ ਕੁੱਝ ਸਮਾਂ ਉੱਥੇ ਰਹਿਣ ਦਾ ਮੌਕਾ ਮਿਲਿਆ ਸੀ । ਮੇਰਾ ਦੋਸਤ ਸਵਰਗਵਾਸੀ ਸ਼ਰਮਲ ਸਿੰਘ ਨੂੰ ਭਾਰਤ ਦੀਆਂ ਕੇਵਲ ਦੋ ਹੀ ਸਖਸ਼ੀਅਤਾਂ ਨੇ ਪ੍ਰਭਾਵਿਤ ਕੀਤਾ ਸੀ ਤੇ ਉਹ ਇਨ੍ਹਾਂ ਦੋਵਾਂ ਨੂੰ ਮਿਲਣਾ ਚਾਹੁੰਦਾ ਸੀ । ਇਨ੍ਹਾਂ ਦੋਵਾਂ ਦੀ ਆਪਸੀ ਸਾਂਝ ਵੀ ਹੈ । ਇਹ ਆਖਿਆ ਜਾਂਦਾ ਹੈ ਕਿ ਅਬਦੁੱਲ ਕਲਾਮ ਸਾਹਿਬ ਨੂੰ ਮਿਜ਼ਾਇਲ ਮੈਨ ਬਣਾਉਣ ਵਿਚ ਰਤਨ ਹੋਰਾਂ ਦਾ ਹੱਥ ਸੀ । ਉਸ ਡਾ. ਕਲਾਮ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਾ ਭਰੋਸਾ ਦਿੱਤਾ ਸੀ । ਸ਼ਰਮਲ ਬਣਾ ਸਿਰੜੀ ਸੀ ਤੇ ਉਹ ਇਨ੍ਹਾਂ ਦੋਵਾਂ ਨਾਲ ਮੁਲਾਕਾਤ ਕਰਨ ਵਿਚ ਸਫਲ ਹੋ ਗਿਆ । ਉਸ ਮੈਨੂੰ ਵੀ ਆਪਣੇ ਨਾਲ ਚੱਲਣ ਲਈ ਆਖਿਆ ਸੀ ਪਰ ਬਦਕਿਸਮਤੀ ਕੁਝ ਅਜਿਹੇ ਹਾਲਾਤ ਬਣੇ ਕਿ ਮੈਂ ਇਸ ਮੌਕੇ ਦਾ ਲਾਭ ਪ੍ਰਾਪਤ ਨਾ ਕਰ ਸਕਿਆ । ਡਾ. ਕਲਾਮ ਨਾਲ ਮਿਲਣ ਲਈ ਉਸ ਨੂੰ ਬਹੁਤ ਜੁਗਾੜ ਕਰਨ ਦੀ ਲੋੜ ਨਹੀਂ ਪਈ ਤੇ ਉਸ ਫੋਨ ਰਾਹੀਂ ਆਪਣੀ ਇਕ ਕਿਤਾਬ ਹੀ ਲੀਜ਼ ਕਰਨ ਦੀ ਸਹਿਮਤੀ ਪ੍ਰਾਪਤੀ ਕਰ ਗਈ । ਉਸ ਨੂੰ 15 ਮਿੰਟ ਦਾ ਸਮਾਂ ਮਿਲਿਆ ਅਤੇ 10 ਸਾਥੀ ਲਿਜਾਣ ਦੀ ਆਗਿਆ ਮਿਲੀ । ਦਿੱਲੀ ਜਾ ਕੇ ਉਸ ਆਪਣੀ ਇਹ ਤਮੰਨਾ ਪੂਰੀ ਕਰ ਲਈ । ਪਰ ਰਤਨ ਟਾਟਾ ਨੂੰ ਮਿਲਣ ਲਈ ਉਸ ਨੂੰ ਬਹੁਤ ਜੱਦੋ-ਜਹਿਦ ਕਰਨੀ ਪਈ । ਮੇਲ ਜਾਂ ਫੋਨ ਰਾਹੀਂ ਜਦੋਂ ਉਹ ਸਮਾਂ ਲੈਣ ਵਿਚ ਸਫਲ ਨਾ ਹੋ ਸਕਿਆ ਤਾਂ ਉਸ ਜਿਹੜਾ ਢੰਗ ਅਪਨਾਇਆ ਉਸ ਨੂੰ ਜਾਨਣ ਵਿਚ ਪਾਠਕਾਂ ਦੀ ਦਿਲਚਸਪੀ ਹੋਵੇਗੀ । ਉਸ ਰਤਨ ਸਾਹਿਬ ਨੂੰ ਮੰਜਾ ਭੇਟ ਕਰਨ ਦੀ ਸਕੀਮ ਬਣਾਈ । ਰਾਜਿਸਥਾਨ ਜਾ ਕੇ ਉਹ ਮਿਸਤਰੀ ਲੱਭਿਆ ਜਿਹੜਾ ਇਹ ਮੰਜਾ ਬਣਾ ਸਕਦਾ ਸੀ । ਟਾਹਲੀ ਦੀ ਲੱਕੜ ਦੀ ਚੁਗਾਠ ਬਣਾਈ । ਪਾਵਿਆਂ ਨੂੰ ਪਿੱਤਲ ਦੀਆਂ ਪੱਤੀਆਂ ਜੜ੍ਹੀਆਂ ਅਤੇ ਹਰੇਕ ਪਾਵੇ ਉੱਤੇ ਸ੍ਰੀ ਰਤਨ ਟਾਟਾ ਖੁਦਵਾਇਆ । ਫਿਰ ਉਸ ਨੇ ਹੱਥ ਨਾਲ ਵੱਟਿਆ ਮੁੰਝ ਦਾ ਬਾਣ ਲੱਭਿਆ ਤੇ ਇਕ ਕਾਰੀਗਰ ਤੋਂ ਇਸ ਦੀ ਬੁਣਾਈ ਕਰਵਾਈ । ਇਸ ਦੇ ਨਾਲ ਹੀ ਇਕ ਪੀੜ੍ਹਾ ਵੀ ਬਣਾਇਆ । ਉਸ ਪਰ ਲੱਕੜ ਦਾ ਕੋਹਲੂ ਲਗਵਾਇਆ ਹੋਇਆ ਸੀ । ਉਸ ਨਾਲ ਸਰ੍ਹੋਂ, ਤਿੱਲ, ਨਾਰੀਅਲ ਆਦਿ ਦਾ ਤੇਲ ਕੱਢਿਆ । ਫਿਰੋਜ਼ਪੁਰ ਤੋਂ ਗੱਡੀ ਵਿਚ ਮੰਜਾ ਬੁੱਕ ਕਰਵਾ ਕੇ ਉਹ ਮੁੰਬਈ ਪਹੁੰਚ ਗਿਆ । ਰਤਨ ਟਾਟਾ ਦਾ ਘਰ ਲੱਭਿਆ । ਪਹਿਰੇਦਾਰਾਂ ਨੂੰ ਆਖਿਆ ਮੈਂ ਇਹ ਮੰਜਾ ਦੇਣ ਆਇਆ ਸਾਂ । ਗਾਰਡ ਅੰਦਰ ਗਿਆ ਤੇ ਉਸ ਆਖਿਆ, ਅਸੀਂ ਤਾਂ ਕੋਈ ਮੰਜਾ ਨਹੀਂ ਮੰਗਵਾਇਆ ਇਹ ਸਾਨੂੰ ਨਹੀਂ ਚਾਹੀਦਾ । ਸ਼ਰਮਲ ਸਿਰੜੀ ਉਸ ਆਖਿਆ ਮੈਂ ਪੰਜਾਬ ਤੋਂ ਇਹ ਵਿਸ਼ੇਸ਼ ਬਣਵਾ ਕੇ ਟਾਟਾ ਜੀ ਨੂੰ ਭੇਟ ਕਰਨ ਆਇਆ ਹਾਂ । ਗਾਰਡ ਫਿਰ ਅੰਦਰ ਗਿਆ ਤੇ ਕਿਉਂਕਿ ਉਦੋਂ ਵੀ ਉਨ੍ਹਾਂ ਦੀ ਸਿਹਤ ਬਹੁਤ ਚੰਗੀ ਨਹੀਂ ਸੀ, ਦੋ ਦਿਨ ਉਡੀਕ ਕੀਤੀ ਤੇ ਨਿਰਾਸ਼ ਹੋ ਕੇ ਵਾਪਸੀ ਦੀ ਤਿਆਰੀ ਕਰ ਲਈ, ਉਦੋਂ ਹੀ ਫੋਨ ਆ ਗਿਆ ਕਿ ਕੱਲ ਦੋ ਵਜੇ ਆ ਜਾਣਾ ਤੁਹਾਡੇ ਲਈ ਪੰਜ ਮਿੰਟ ਦਾ ਸਮਾਂ ਰੱਖਿਆ ਗਿਆ ਹੈ । ਦੂਜੇ ਦਿਨ ਉਹ ਪਹੁੰਚ ਗਿਆ ਉਸ ਮੰਜੇ ਉੱਤੇ ਬੈਠ ਗੱਲਬਾਤ ਹੋਈ ਜਿਹੜੀ ਪੰਜ ਮਿੰਟ ਦੀ ਥਾਂ 15 ਮਿੰਟ ਹੁੰਦੀ ਰਹੀ ਪਰ ਉਨ੍ਹਾਂ ਦਾ ਸਹਾਇਕ ਆਕੇ ਉਨ੍ਹਾਂ ਨੂੰ ਉਠਾ ਕੇ ਲੈ ਗਿਆ ਕਿ ਹੁਣ ਤੁਹਾਡੇ ਆਰਾਮ ਦਾ ਸਮਾਂ ਹੋ ਗਿਆ ਹੈ । ਰਤਨ ਜੀ ਨੇ ਸਾਰੀ ਉਮਰ ਬਿਨ੍ਹਾਂ ਕਿਸੇ ਆਕੜ ਤੋਂ ਸਾਦਾ ਜੀਵਨ ਜੀਵਿਆ । ਉਹ ਕਿਰਤ ਕਰਨ ਤੇ ਵੰਡ ਛੱਕਣ ਵਿਚ ਵਿਸ਼ਵਾਸ ਰੱਖਦੇ ਸਨ । ਉਸ ਦੇ ਦਰ ਤੋਂ ਕਦੇ ਕੋਈ ਖਾਲੀ ਨਹੀਂ ਮੁੜਿਆ । ਕੰਪਨੀਆਂ ਦੇ ਸਾਰੇ ਕਰਮਚਾਰੀ ਆਪਣੇ ਘਰ ਦਾ ਸਮਝ ਕੰਮ ਕਰਦੇ ਸਨ । ਅਜ਼ਾਦੀ ਪਿੱਛੋਂ ਦੇਸ਼ ਦੇ ਪਹਿਲੇ ਰੱਖਿਆ ਮੰਤਰੀ ਸ. ਬਲਦੇਵ ਸਿੰਘ ਹੋਰਾਂ ਦੇ ਪਿਤਾ ਜੀ ਦਾ ਟਾਟਾ ਨਗਰ ਵਿਚ ਹੀ ਕਾਰੋਬਾਰ ਸੀ । ਉਨ੍ਹਾਂ ਆਪਣੇ ਪਿੰਡ ਦੁਮਣਾ ਅਤੇ ਲਾਗਲੇ ਪਿੰਡਾਂ ਦੇ ਬੇਰੁਜ਼ਗਾਰ ਮੁੰਡਿਆਂ ਉੱਥੇ ਲਿਆ ਕੰਮ ਤੇ ਲਵਾਇਆ ।

ਰਤਨ ਜੀ ਪੜ੍ਹਾਈ ਪੂਰੀ ਕਰਨ ਪਿੱਛੋਂ ਅਮਰੀਕਾ ਵਿਚ ਆਪਣੀ ਦੋਸਤ ਕੁੜੀ ਨਾਲ ਵਿਆਹ ਕਰਵਾ ਕੇ ਉੱਥੇ ਹੀ ਰਹਿਣ ਬਾਰੇ ਸੋਚ ਰਹੇ ਸਨ ਪਰ ਅਚਾਨਕ ਉਨ੍ਹਾਂ ਦੀ ਦਾਦੀ ਬਿਮਾਰ ਹੋ ਗਏ ਤੇ ਇਨ੍ਹਾਂ ਨੂੰ ਭਾਰਤ ਵਾਪਸ ਆਉਣਾ ਪਿਆ । ਉਨ੍ਹਾਂ ਨੂੰ ਆਪਣੀ ਦਾਦਾ ਬਹੁਤ ਲਗਾਵ ਸੀ ਕਿਉਂਕਿ ਮਾਤਾ ਪਿਤਾ ਵਿਚ ਤਲਾਕ ਹੋਣ ਪਿੱਛੋਂ ਦਾਦੀ ਨੇ ਹੀ ਉਨ੍ਹਾਂ ਨੂੰ ਪਾਲਿਆ ਸੀ । ਮੁੜ ਉਹ ਕਾਰੋਬਾਰ ਵਿਚ ਇਸ ਪ੍ਰਕਾਰ ਉਲਝੇ ਕਿ ਵਿਆਹ ਕਰਵਾ ਹੀ ਨਾ ਸਕੇ । ਉਨ੍ਹਾਂ ਦਾ ਮੰਨਣਾ ਹੈ ਕਿ ਮੈਂ ਆਪਣੇ ਫੈਸਲੇ ਝਟਪਟ ਲੈ ਲੈਂਦਾ ਹਾਂ । ਆਪਣੇ ਉੱਤੇ ਪਛਤਾਵਾ ਕਰਨ ਦੀ ਥਾਂ ਮੈਂ ਪੂਰੀ ਕੋਸ਼ਿਸ਼ ਨਾਲ ਉਸ ਨੂੰ ਸਹੀ ਸਿੱਧ ਕਰਨ ਦਾ ਯਤਨ ਕਰਦਾ ਹਾਂ । ਉਨ੍ਹਾਂ ਵਿਚ ਦੇਸ਼ ਪ੍ਰੇਮ ਕੁੱਟ-ਕੁੱਟ ਕੇ ਭਰਿਆ ਹੋਇਆ ਸੀ । ਉਹ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਰਬੱਤ ਦੇ ਭਲੇ ਲਈ ਸੋਚਦੇ ਸਨ । ਇਕ ਵਾਰ ਜੋ ਨਿਸ਼ਚਾ ਕਰ ਲਿਆ ਉਹ ਜਿੱਤ ਪ੍ਰਾਪਤ ਕਰ ਹੀ ਲੈਂਦੇ ਸਨ । ਕੁਦਰਤ ਵੀ ਉਨ੍ਹਾਂ ਦੀ ਹੀ ਸਹਾਇਤਾ ਕਰਦੀ ਹੈ ਜਿਹੜੇ ਇਮਾਨਦਾਰੀ ਨਾਲ ਮਿਹਨਤ ਕਰਦੇ ਹਨ । ਇਨ੍ਹਾਂ ਫੈਸਲਾ ਕੀਤਾ ਕਿ ਭਾਰਤ ਦੀ ਨਿਰੋਲ ਆਪਣੀ ਬਣੀ ਕਾਰ ਹੋਣੀ ਚਾਹੀਦੀ ਹੈ । ਟਾਟਾ ਵੱਲੋਂ ਇੰਡਿਕਾ ਕਾਰ ਬਣਾਈ ਗਈ । ਸ਼ੁਰੂ ਵਿਚ ਇਸ ਨੂੰ ਚੰਗਾ ਹੁੰਗਾਰਾ ਮਿਲਿਆ ਪਿੱਛੋਂ ਹੋਰ ਵਿਦੇਸ਼ੀ ਕਾਰਾਂ ਦੇ ਆਉਣ ਨਾਲ ਵਿਕਰੀ ਵਿਚ ਕਮੀ ਆ ਗਈ । ਇਸ ਕੰਪਨੀ ਨੂੰ ਵੇਚਣ ਦਾ ਫੈਸਲਾ ਕੀਤਾ ਗਿਆ । ਅਮਰੀਕਾ ਦੀ ਪ੍ਰਸਿੱਧ ਕੰਪਨੀ ਫੋਰਡ ਨੇ ਇਸ ਨੂੰ ਖਰੀਦਣ ਵਿਚ ਦਿਲਚਸਪੀ ਦਿਖਾਈ । ਸੌਦਾ ਪੂਰਾ ਕਰਨ ਲਈ ਆਪ ਅਮਰੀਕਾ ਗਏ । ਕੰਪਨੀ ਦਾ ਮਾਲਿਕ ਕਿਤੇ ਆਖ ਬੈਠਾ ਕਿ ਜਿਹੜਾ ਕੰਮ ਨਾ ਆਉਂਦਾ ਹੋਵੇ ਉਹ ਕਰਨਾ ਹੀ ਨਹੀਂ ਚਾਹੀਦਾ । ਇਨ੍ਹਾਂ ਇਸ ਚੁਣੌਤੀ ਨੂੰ ਸਵੀਕਾਰ ਕੀਤਾ ਤੇ ਬਿਨ੍ਹਾਂ ਸੌਦਾ ਕੀਤਿਆਂ ਵਾਪਸ ਆ ਗਏ । ਹੁਣ ਟਾਟਾ ਕਾਰਾਂ ਨੇ ਮੁੜ ਆਪਣੀ ਮਾਰਕੀਟ ਬਣਾ ਲਈ ਹੈ । ਇਕ ਸਮਾਂ ਅਜਿਹਾ ਆਇਆ ਕਿ ਫੋਰਡ ਨੂੰ ਘਾਟਾ ਪੈ ਗਿਆ ਤੇ ਉਹ ਆਪਣੀਆਂ ਕੁੱਝ ਕਾਰਾਂ ਵੇਚਣ ਲਈ ਮਜ਼ਬੂਰ ਹੋ ਗਈ । ਰਤਨ ਟਾਟਾ ਨੇ ਕਰੀਬ 9 ਸਾਲਾਂ ਵਿੱਚੋਂ ਜੈਗੁਆਰ ਤੇ ਲੈਂਡਰੋਵਰ ਗੱਡੀਆਂ ਖਰੀਦ ਲਈਆਂ । ਫੋਰਡ ਵਾਲਿਆਂ ਰਤਨ ਟਾਟਾ ਦਾ ਇਹ ਅਹਿਸਾਨ ਲਈ ਦਿਲੋਂ ਧੰਨਵਾਦ ਕੀਤਾ ।

ਲੋਕ ਸੇਵਾ ਦੀ ਚਿਣਗ ਵੀ ਹੋ ਸਕਦਾ ਹੈ ਕਿ ਫੋਰਡ ਤੋਂ ਹੀ ਮਿਲੀ ਹੋਏ ਅਮਰੀਕਾ ਦੀਆਂ ਦੋ ਕੰਪਨੀਆਂ ਫੋਰਡ ਅਤੇ ਰੋਕੀਫੈਲਰ ਨੇ ਲੋਕ ਸੇਵਾ ਲਈ ਫਾਉਂਡੇਸ਼ਨਾਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਦੇ ਦਫਤਰ ਬਹੁਤ ਸਾਰੇ ਦੇਸ਼ ਵਿਚ ਹਨ । ਇਹ ਸੰਸਥਾਵਾਂ ਵਿੱਦਿਆ, ਸਿਹਤ ਸਹੂਲਤਾਂ ਅਤੇ ਖੇਤੀ ਵਿਚ ਸੁਧਾਰ ਲਈ ਲੋੜਵੰਦ ਦੇਸ਼ਾਂ ਦੀ ਸਹਾਇਤਾ ਕਰਦੀਆਂ ਹਨ । ਸੰਸਾਰ ਨੂੰ ਭੁੱਖਮਰੀ ਤੋਂ ਬਚਾਉਣ ਵਿਚ ਇਨ੍ਹਾਂ ਦੀ ਅਹਿਮ ਭੂਮਿਕਾ ਹੈ । ਮੈਕਸੀਕੋ ਸਥਿਤ ਕਣਕ ਅਤੇ ਮੱਕੀ ਖੋਜ ਕੇਂਦਰ ਅਤੇ ਫਿਲੀਪੀਨ ਸਥਿਤ ਝੋਨਾ ਖੋਜ ਕੇਂਦਰ ਇਨ੍ਹਾਂ ਵੱਲੋਂ ਹੀ ਬਣਾਏ ਗਏ ਸਨ । ਜਿੱਥੇ ਕਿ ਵੱਧ ਦੇਣ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ ।

ਰਤਨ ਜੀ ਨੂੰ ਕੇਵਲ ਲੋਕ ਭਲਾਈ ਲਈ ਹੀ ਯਾਦ ਨਹੀਂ ਕੀਤਾ ਜਾਂਦਾ ਸਗੋਂ ਇਨ੍ਹਾਂ ਨੂੰ ਜਾਨਵਰਾਂ ਨਾਲ ਹੀ ਬਹੁਤ ਪਿਆਰ ਸੀ । ਦਿੱਲੀ ਸਥਿਤ ਇਨ੍ਹਾਂ ਦੇ ਹੋਟਲ ਵਿਚ ਇਕ ਉੱਚ ਪੱਧਰੀ ਡੈਲੀਗੇਸ਼ਨ ਠਹਿਰਿਆ ਹੋਇਆ ਸੀ । ਉਹ ਜਦੋਂ ਹੋਟਲ ਵਿਚ ਆਏ ਤਾਂ ਪੋਰਚ ਵਿਚ ਇਕ ਕੁੱਤਾ ਸੁੱਤਾ ਪਿਆ ਸੀ । ਦਿੱਲੀ ਦੇ ਸਭ ਤੋਂ ਵਧੀਆ ਹੋਟਲ ਵਿਚ ਸੁੱਤੇ ਪਏ ਕੁੱਤੇ ਨੂੰ ਵੇਖ ਉਨ੍ਹਾਂ ਨੂੰ ਗੁੱਸਾ ਵੀ ਆਇਆ ਤੇ ਹੈਰਾਨੀ ਵੀ ਹੋਈ । ਪੁੱਛਣ ਤੇ ਮੈਨੇਜਰ ਨੇ ਦੱਸਿਆ ਕਿ ਮਾਲਕਾਂ ਦਾ ਹੁਕਮ ਹੈ ਕਿ ਕਿਸੇ ਵੀ ਜਾਨਵਰ ਨੂੰ ਦੁਰਕਾਰਿਆ ਨਾ ਜਾਵੇ । ਇੰਗਲੈਂਡ ਦੀ ਮਹਾਰਾਣੀ ਨੇ ਇਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨਮਾਨ ਦੇਣ ਦਾ ਫੈਸਲਾ ਕੀਤਾ । ਜਿਸ ਵਿਚ ਜਾਣਾ ਸੀ ਇਨ੍ਹਾਂ ਦਾ ਪਾਲਤੂ ਕੁੱਤਾ ਬਿਮਾਰ ਹੋ ਗਿਆ । ਬਿਮਾਰ ਕੁੱਤੇ ਨੂੰ ਛੱਡ ਕੇ ਜਾਣ ਦੀ ਥਾਂ ਇਨ੍ਹਾਂ ਨੇ ਸਨਮਾਨ ਲੈਣ ਜਾਣ ਨੂੰ ਛੱਡ ਦਿੱਤਾ । ਅਵਾਰਾ ਕੁੱਤਿਆਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ । ਜਾਨਵਰਾਂ ਲਈ ਵਧੀਆ ਹਸਪਤਾਲ ਬਣਾਉਣਾ ਇਨ੍ਹਾਂ ਦਾ ਆਖਰੀ ਪਰਉਪਕਾਰੀ ਕਾਰਜ ਹੈ । ਚੁਰਾਸੀ ਦੇ ਦੰਗਿਆਂ ਸਮੇਂ ਸਿੱਖਾਂ ਦਾ ਬਹੁਤ ਜਾਨੀ ਅਤੇ ਮਾਲੀ ਨੁਕਸਾਨ ਹੋਇਆ । ਉਨ੍ਹਾਂ ਦੀ ਮਦਦ ਕਰਨ ਲਈ ਇਹ ਸਭ ਤੋਂ ਪਹਿਲਾਂ ਪਹੁੰਚੇ । ਜਿਨ੍ਹਾਂ ਦੇ ਟਰੱਕ ਸਾੜ ਦਿੱਤੇ ਗਏ ਸਨ ਉਨ੍ਹਾਂ ਨੂੰ ਟਰੱਕ ਦਿੱਤੇ, ਜਿਨ੍ਹਾਂ ਦੇ ਘਰ ਸਾੜੇ ਗਏ ਸਨ ਉਨ੍ਹਾਂ ਦੀ ਘਰ ਬਣਾਉਣ ਵਿਚ ਸਹਾਇਤਾ ਕੀਤੀ ਅਤੇ ਸਭੋ ਕੁੱਝ ਗੁਆ ਬੈਠਿਆਂ ਨੂੰ ਰੁਜ਼ਗਾਰ ਦਿੱਤਾ । ਇਸੇ ਤਰ੍ਹਾਂ ਕੋਵਿਡ ਦੇ ਦੌਰਾਨ ਵੀ ਸਹਾਇਤਾ ਲਈ ਟਾਟਾ ਟਰੱਸਟ ਅੱਗੇ ਆਇਆ । ਇਹ ਮੰਨਿਆ ਜਾਂਦਾ ਹੈ ਕਿ ਆਪਣੀ ਆਮਦਨ ਦਾ ਕੋਈ 70% ਹਿੱਸਾ ਇਹ ਟਾਟਾ ਟਰੱਸਟ ਰਾਹੀਂ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰਦੇ ਸਨ ।

ਮਿਆਰੀ ਸਿੱਖਿਆ ਲਈ ਵਧੀਆ ਸੰਸਥਾਵਾਂ ਬਣਾਈਆਂ । ਡਾਕਟਰੀ ਸਹਾਇਤਾ ਲਈ ਹਸਪਤਾਲ ਬਣਾਏ ਅਤੇ ਖੇਤੀ ਦੇ ਵਿਕਾਸ ਲਈ ਪ੍ਰੋਗਰਾਮ ਉਲੀਕੇ । ਮੁੰਬਈ ਵਿਖੇ ਇਨ੍ਹਾਂ ਦੇ ਕੈਂਸਰ ਹਸਪਤਾਲ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ ਅਤੇ ਗਰੀਬਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ । ਸਕੂਲਾਂ ਅਤੇ ਹਸਪਤਾਲਾਂ ਲਈ ਜਦੋਂ ਵੀ ਕਿਸੇ ਇਨ੍ਹਾਂ ਤੱਕ ਪਹੁੰਚ ਕੀਤੀ ਤਾਂ ਖੁੱਲ੍ਹ ਕੇ ਸਹਾਇਤਾ ਕੀਤੀ ਗਈ । ਟਾਟਾ ਨਗਰ ਸ਼ਹਿਰ ਜਿਸ ਨੂੰ ਵਸਿਆਂ ਸੌ ਸਾਲ ਹੋਣ ਵਾਲਾ ਹੈ । ਹੁਣ ਵੀ ਸੁੰਦਰਤਾ ਅਤੇ ਸਫਾਈ ਪੱਖੋਂ ਨਵੇਂ ਸ਼ਹਿਰਾਂ ਦਾ ਮੁਕਾਬਲਾ ਕਰਦਾ ਹੈ । ਕਰਮਚਾਰੀਆਂ ਦੇ ਬੱਚਿਆ ਲਈ ਸਕੂਲ, ਕਾਲਿਜ, ਸਾਰਿਆਂ ਲਈ ਹਸਪਤਾਲ ਤੇ ਹੋਰ ਸੁੱਖ ਸਹੂਲਤਾਂ ਦਾ ਪ੍ਰਬੰਧ ਹੈ । ਤਨਖਾਹ ਅਤੇ ਸਹੂਲਤਾਂ ਲਈ ਇਹ ਹੋਰ ਸਾਰੇ ਅਦਾਰਿਆਂ ਤੋਂ ਮੋਹਰੀ ਹੈ । ਕਾਮਿਆਂ ਦੀ ਸੇਵਾ ਮੁਕਤੀ ਪਿੱਛੋਂ ਦੇਖਭਾਲ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਰੁਜ਼ਗਾਰ ਲਈ ਪਹਿਲ ਦਿੱਤੀ ਜਾਂਦੀ ਹੈ । ਸਾਰੇ ਸੰਸਾਰ ਵਿਚ ਆਪਣੇ ਉਤਪਾਦਾਂ ਅਤੇ ਸੇਵਾਵਾਂ ਦਾ ਇਕ ਮਿਆਰ ਕਾਇਮ ਕਰਕੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ । ਇੰਗਲੈਂਡ ਜਿਸ ਦੇ ਰਾਜ ਵਿਚ ਕਦੇ ਸੂਰਜ ਨਹੀਂ ਡੁੱਬਦਾ ਸੀ । ਉੱਥੋਂ ਦੀਆਂ ਵੱਡੀਆਂ ਕੰਪਨੀਆਂ ਨੂੰ ਖਰੀਦਿਆ ਜਿਨ੍ਹਾਂ ਵਿਚ ਚਾਰ ਕੰਪਨੀ ਟੈਟਲੀ ਪ੍ਰਮੁੱਖ ਹੈ ਅਤੇ ਗੋਰਿਆਂ ਨੂੰ ਰੁਜ਼ਗਾਰ ਦਿੱਤਾ । ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੀਆਂ ਕੰਪਨੀਆਂ ਵੀ ਖਰੀਦੀਆਂ । ਸੰਸਾਰ ਦੀ ਸਭ ਤੋਂ ਸਸਤੀ ਕਾਰ ਨੈਨੋ ਦਾ ਨਿਰਮਾਣ ਕਰਕੇ ਆਮ ਲੋਕਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਯਤਨ ਕੀਤਾ । ਜਦੋਂ ਅਮਰੀਕੀ ਰਾਸ਼ਟਰਪਤੀ ਬਾਰਕ ਉਬਾਮਾਂ ਭਾਰਤ ਆਏ ਸਨ ਉਦੋਂ ਇਸ ਦਾ ਪ੍ਰਦਰਸ਼ਨ ਕੀਤਾ ਗਿਆ । ਏਅਰ ਇੰਡੀਆ ਕਦੇ ਟਾਟਾ ਗਰੁੱਪ ਦੀ ਹੀ ਮਲਕੀਅਤ ਸੀ ਪਰ ਸਰਕਾਰ ਨੇ ਉਸ ਦਾ ਕੌਮੀਕਰਨ ਕਰਕੇ ਆਪਣੇ ਕਬਜ਼ੇ ਵਿਚ ਲੈ ਲਈ । ਪਰ ਉਹ ਹਮੇਸ਼ਾਂ ਘਾਟੇ ਵਿੱਚ ਹੀ ਚਲਦੀ ਰਹੀ । ਅਖੀਰ ਸਰਕਾਰ ਦੇ ਵੇਚਣ ਦਾ ਫੈਸਲਾ ਕੀਤਾ । ਜੇਕਰ ਕੋਈ ਵਿਦੇਸ਼ੀ ਕੰਪਨੀ ਖਰੀਦ ਲੈਂਦੀ ਤਾਂ ਵਿਸ਼ਵ ਦੀ ਪੰਜਵੀਂ ਆਰਥਿਕਤਾ ਵਾਲੇ ਦੇਸ਼ ਕੋਲ ਆਪਣੀ ਕੋਈ ਹਵਾਈ ਕੰਪਨੀ ਨਹੀਂ ਸੀ ਹੋਣੀ । ਟਾਟਾ ਨੇ ਮੁੜ ਇਸ ਨੂੰ ਖਰੀਦਿਆ ਅਤੇ ਦੇਸ਼ ਦਾ ਸਨਮਾਨ ਬਚਾਇਆ । ਹੁਣ ਇਸ ਨੂੰ ਸੰਸਾਰ ਦੀਆਂ ਪ੍ਰਮੁੱਖ ਕੰਪਨੀਆਂ ਦੇ ਮੁਕਾਬਲੇ ਵਿਚ ਖੜ੍ਹਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ।

ਪੰਜਾਬੀਆਂ ਦੀ ਇਮਾਨਦਾਰੀ ਅਤੇ ਮਿਹਨਤ ਦੇ ਉਹ ਕਦਰਦਾਨ ਸਨ । ਨੈਨੋ ਕਾਰ ਦਾ ਪ੍ਰੋਜੈਕਟ ਉਹ ਪੰਜਾਬ ਵਿਚ ਹੀ ਸ਼ੁਰੂ ਕਰਨਾ ਚਾਹੁੰਦੇ ਸਨ । ਉਨ੍ਹਾਂ ਰੋਪੜ ਵਾਲਾ ਬਿਰਲਾ ਫਾਰਮ ਦੀ ਮੰਗ ਕੀਤੀ ਪਰ ਪੰਜਾਬ ਸਰਕਾਰ ਨਾਲ ਸਹਿਮਤੀ ਨਾ ਬਣ ਸਕੀ । ਬੰਗਾਲ ਦੇ ਮੁੱਖ ਮੰਤਰੀ ਨੇ ਬੰਗਾਲ ਵਿਚ ਥਾਂ ਦਿੱਤੀ ਪਰ ਵਿਰੋਧੀ ਧਿਰ ਨੇ ਵਿਰੋਧਤਾ ਸ਼ੁਰੂ ਕਰ ਦਿੱਤੀ । ਜਦੋਂ ਨਰਿੰਦਰ ਮੋਦੀ ਜਿਹੜੇ ਉਦੋਂ ਗੁਜਰਾਤ ਦੇ ਮੁੱਖ ਮੰਤਰੀ ਸਨ, ਨੂੰ ਇਹ ਪਤਾ ਲੱਗਿਆ ਤਾਂ ਉਨ੍ਹਾਂ ਆਖਿਆ ਗੁਜਰਾਤ ਵਿਚ ਤੁਹਾਡਾ ਸਵਾਗਤ ਹੈ ਤੇ ਇਹ ਕਾਰਖਾਨਾ ਗੁਜਰਾਤ ਵਿਚ ਲੱਗ ਗਿਆ । ਪੰਜਾਬ ਵਿਚ ਕੈਂਸਰ ਹਸਪਤਾਲ ਬਣਾਉਣ ਵਿਚ ਵੀ ਸਹਾਇਤਾ ਕੀਤਾ । ਮਾਲਵਾ ਖੇਤਰ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਦੇ ਹੱਲ ਲਈ ਆਰ. ਓ. ਲਗਾਏ । ਕੇਵਲ ਦੋ ਰੁਪਏ ਵਿਚ ਦਸ ਲਿਟਰ ਪਾਣੀ ਵੇਚਿਆ । ਹੁਣ ਪੰਜਾਬ ਵਿਚ ਅਤਿ ਆਧੁਨਿਕ ਸਟੀਲ ਪਲਾਂਟ ਲਗਾਇਆ ਗਿਆ ਹੈ । ਪੰਜਾਬ ਦੀ ਖੇਤੀ ਦੀ ਪੁਨਰ ਸੁਰਜੀਤੀ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਹਿਯੋਗ ਨਾਲ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਦਾ ਦਫਤਰ ਪੀ. ਏ. ਯੂ. ਵਿਖੇ ਹੀ ਹੈ । ਉਨ੍ਹਾਂ ਦੇ ਉਪਕਾਰਾਂ ਦਾ ਵਰਨਣ ਕਰਨਾ ਔਖਾ ਹੈ । ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਹਿਲਾਂ ਪਦਮ ਭੂਸ਼ਣ ਤੇ ਮੁੜ ਪਦਮ ਵਿਭੂਸ਼ਣ ਨਾਲ ਸਨਮਾਨਿਆਂ । ਅਸਲ ਵਿਚ ਉਹ ਭਾਰਤ ਰਤਨ ਦੇ ਹੱਕਦਾਰ ਹਨ, ਕਿਉਂਕਿ ਉਹ ਸਚਮੁੱਚ ਭਾਰਤ ਦਾ ਰਤਨ ਹੀ ਸੀ ।

RNI Regd. No. PUNPUN00806







# ਪੀ.ਏ.ਯੂ. ਨੇ ਪਰਾਲੀ ਨੂੰ ਖੇਤ 'ਚ ਰਲਾਉਣ ਲਈ ਨਵੀਂ ਮਸ਼ੀਨ ਮਿੱਤਰ ਸੀਡਰ ਦਾ ਕੀਤਾ ਨਿਰਮਾਣ

## ਇਕ ਦਿਨ 'ਚ ਅੱਠ-ਨੌ ਏਕੜ ਰਕਬੇ 'ਚ ਕਰਦੀ ਹੈ ਪਰਾਲੀ ਦੀ ਸੰਭਾਲ ਅਤੇ ਕਣਕ ਦੀ ਬਿਜਾਈ - ਡਾ. ਗੋਸਲ

ਪੰਜਾਬ ਦੇ ਖੇਤੀਬਾੜੀ ਖੇਤਰ ਵਿਚ ਪਰਾਲੀ ਦੀ ਸੰਭਾਲ ਦਾ ਮੁੱਦਾ ਬੀਤੇ ਕੁਝ ਸਾਲਾਂ ਤੋਂ ਪ੍ਰਮੁੱਖ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ। ਪਰਾਲੀ ਨੂੰ ਖੇਤ ਵਿਚ ਸੰਭਾਲਣ ਲਈ ਪੀ. ਏ. ਯੂ. ਨੇ ਇਕ ਨਵੀਂ ਮਸ਼ੀਨ ਮਿੱਤਰ ਸੀਡਰ ਦਾ ਕੀਤਾ ਹੈ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਜਲਾਲਦੀਬਾਦ ਵਿਚ ਇਸ ਮਸ਼ੀਨ ਦਾ ਪ੍ਰੀਖਣ ਸਵੈ-ਸੇਵੀ ਸਮੂਹ ਵਚਨ ਦੀ ਸਹਾਇਤਾ ਨਾਲ ਕੀਤਾ ਗਿਆ, ਜਿੱਥੇ ਕਣਕ ਬੀਜਣ ਦੇ ਕੰਮ ਦੀ ਨਕਲ ਕੀਤੀ ਗਈ।

ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਸ ਮਸ਼ੀਨ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਮਸ਼ੀਨ ਕੰਬਾਈਨ ਤੇ ਵੱਢਣ ਤੋਂ ਬਾਅਦ ਪਰਾਲੀ ਨੂੰ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾ ਕੇ 7.25 ਇੰਚ ਦੀਆਂ ਕਤਾਰਾਂ ਵਿਚ ਕਣਕ ਦੀ ਬਿਜਾਈ ਕਰਦੀ ਹੈ। ਇਹ ਸਾਰਾ ਕਾਰਜ ਇੱਕੋ ਵਾਰੀ ਕੀਤਾ ਜਾਂਦਾ ਹੈ। ਜ਼ਿਕਰਯੋਗ ਹੈ ਇਹ ਮਸ਼ੀਨ 50 ਹਾਰਸ ਪਾਵਰ ਦੇ ਦੋ ਚੱਕਿਆਂ ਦੀ ਖਿਚਾਈ ਵਾਲੇ ਟਰੈਕਟਰ ਦੀ ਸਹਾਇਤਾ ਨਾਲ ਚਲਾਈ ਜਾ ਸਕਦੀ ਹੈ। ਡਾ. ਗੋਸਲ ਨੇ ਦੱਸਿਆ ਕਿ ਇਸ ਮਸ਼ੀਨ ਰਾਹੀਂ ਇੱਕ ਦਿਨ ਵਿਚ 8-9 ਏਕੜ ਰਕਬੇ ਵਿਚ ਪਰਾਲੀ ਸੰਭਾਲ ਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਆਸ ਪ੍ਰਗਟਾਈ ਕਿ ਇਹ ਮਸ਼ੀਨ ਰਾਜ ਵਿਚ ਪਰਾਲੀ ਦੀ ਸੰਭਾਲ ਦੇ ਮੁੱਦੇ ਨੂੰ ਸੌਖਾ ਅਤੇ ਕਿਫਾਇਤੀ ਹੱਲ ਦੇਣ ਵਿਚ ਸਫਲ ਰਹੇਗੀ। ਇਸ ਮੌਕੇ ਡਾ. ਜਸਵੀਰ ਸਿੰਘ ਗਿੱਲ, ਗਦਰੀ ਬਾਬਾ ਦੁੱਲਾ ਸਿੰਘ, ਗਿਆਨੀ ਨਿਹਾਲ ਸਿੰਘ ਫਾਊਂਡੇਸ਼ਨ ਦੇ ਅਹੁਦੇਦਾਰ ਡਾ. ਹਰਮਿੰਦਰ ਸਿੰਘ ਸਿੱਧੂ ਤੇ ਕੁਝ ਹੋਰ ਕਿਸਾਨਾਂ ਨੇ ਆਸ ਪ੍ਰਗਟਾਈ ਕਿ ਮਿੱਤਰ ਸੀਡਰ ਇੱਕ ਕ੍ਰਾਂਤੀਕਾਰੀ ਬਦਲ ਕਿਸਾਨਾਂ ਸਾਹਮਣੇ ਪੇਸ਼ ਕਰੇਗਾ।



ਪਟਿਆਲਾ ਦੀ ਸਨੌਰ ਰੋਡ ਸਥਿਤ ਅਨਾਜ ਮੰਡੀ ਵਿੱਚ ਝੋਨੇ ਦੀਆਂ ਬੋਰੀਆਂ 'ਤੇ ਬੈਠ ਕੇ ਰੋਟੀ ਖਾਂਦੇ ਹੋਏ ਕਿਸਾਨ।

# ਕਣਕ ਦੇ ਉਤਪਾਦਨ ਨੂੰ ਵਧਾਉਣ ਲਈ ਕੰਨਸੌਰਸ਼ੀਅਮ ਜੀਵਾਣੂੰ ਖਾਦ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਰਿਸ਼ ਕੀਤੀ ਕੰਨਸੌਰਸ਼ੀਅਮ ਜੀਵਾਣੂੰ ਖਾਦ ਤਿੰਨ ਵੱਖ-ਵੱਖ ਜੀਵਾਣੂੰਆਂ ਦਾ ਮਿਸ਼ਰਣ ਹੈ। ਜਿਸ ਵਿਚ ਅਜ਼ੋਟੋਬੈਕਟਰ ਕਰੂਓਕੁਮ ਜੀਵਾਣੂੰ, ਹਵਾ ਵਿਚਲੀ ਨਾਈਟ੍ਰੋਜਨ ਨੂੰ ਜਮ੍ਹਾਂ ਕਰਕੇ, ਬੇਸਿਲਸ ਸਬਟਿਲਸ ਅਣਘੁੱਲੀ ਫਾਸਫੋਰਸ ਨੂੰ ਘੁਲਣਸ਼ੀਲ ਰੂਪ ਵਿਚ ਤਬਦੀਲ ਕਰਕੇ ਅਤੇ ਸੂਡੋਮੋਨਾਸ ਜੀਵਾਣੂੰ ਪੌਦੇ ਲਈ ਫਾਈਟੋਹਾਰਮੋਨ ਬਣਾ ਕੇ ਪੌਦੇ ਦੇ ਵਿਕਾਸ ਅਤੇ ਝਾੜ ਵਿਚ ਵਾਧਾ ਕਰਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਣਕ ਲਈ ਅੱਧਾ ਕਿੱਲੋ ਕੰਨਸੌਰਸ਼ੀਅਮ ਜੀਵਾਣੂੰ ਖਾਦ ਦਾ ਪੈਕੇਟ ਇਕ ਏਕੜ ਦੇ ਬੀਜਾਂ ਲਈ 40 ਰੁਪਏ ਕੀਮਤ ਤੇ ਮੁਹੱਈਆ ਕਰਵਾਇਆ ਜਾਂਦਾ ਹੈ, ਜਿਸਨੂੰ ਬੀਜਾਂ ਨੂੰ ਲਾਉਣ ਨਾਲ ਕਣਕ ਦੇ ਝਾੜ ਵਿਚ ਵਾਧਾ ਹੁੰਦਾ ਹੈ।



### ਕਣਕ ਲਈ ਕੰਨਸੌਰਸ਼ੀਅਮ ਜੀਵਾਣੂੰ ਖਾਦਾਂ ਵਰਤਣ ਦਾ ਢੰਗ

ਅੱਧਾ ਕਿਲੋ ਜੀਵਾਣੂੰ ਖਾਦ ਦੇ ਪੈਕਟ ਨੂੰ ਅੱਧਾ ਲੀਟਰ ਪਾਣੀ ਵਿਚ ਘੋਲ ਲਓ। ਇਸ ਘੋਲ ਨੂੰ ਇਕ ਏਕੜ ਦੇ ਬੀਜ ਨਾਲ ਰਲਾ ਲਵੋ। ਇਹ ਕੰਮ ਪੱਕੇ ਸਾਫ ਫਰਸ਼ ਜਾਂ ਤਰਪਾਲ ਉੱਪਰ ਕਰੋ। ਬੀਜ ਨੂੰ ਛਾਵੇਂ ਸੁਕਾ ਕੇ ਖੇਤ ਵਿਚ ਜਲਦੀ ਬੀਜ ਦਿਉ।

### ਜੀਵਾਣੂੰ ਖਾਦ ਵਰਤਣ ਸਮੇਂ ਸਾਵਧਾਨੀਆਂ

★ ਫਸਲ ਦੇ ਲਈ ਹਮੇਸ਼ਾ ਸਿਫਾਰਸ਼ ਕੀਤੀ ਜੀਵਾਣੂੰ ਖਾਦ ਹੀ ਵਰਤੋਂ ਕਰੋ। ਜੀਵਾਣੂੰ ਖਾਦਾਂ ਨੂੰ ਮਿਆਦ (3 ਮਹੀਨੇ) ਪੁੱਗਣ ਤੋਂ ਪਹਿਲਾਂ ਵਰਤੋਂ।

★ ਜੀਵਾਣੂੰ ਖਾਦ ਵਾਲਾ ਲਿਫਾਫਾ ਧੁੱਪ ਅਤੇ ਗਰਮੀ ਤੋਂ ਦੂਰ ਠੰਢੀ ਥਾਂ ਤੇ ਰੱਖੋ ਅਤੇ ਜੀਵਾਣੂੰ ਖਾਦ ਨਾਲ ਸੋਧੇ ਹੋਏ ਬੀਜਾਂ ਦੀ ਬਿਜਾਈ ਛੇਤੀ ਕਰ ਦਿਓ।

★ ਜੀਵਾਣੂੰ ਖਾਦ ਨੂੰ ਰਸਾਇਣਕ ਕੀਟਨਾਸ਼ਕਾਂ ਦੇ ਨਾਲ ਨਾ ਮਿਲਾ ਕੇ ਨਹੀਂ ਵਰਤਣਾ ਚਾਹੀਦਾ।

### ਜੀਵਾਣੂੰ ਖਾਦਾਂ ਦੀ ਉਪਲੱਬਧਤਾ

ਇਹ ਜੀਵਾਣੂੰ ਖਾਦਾਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ, ਬੀਜਾਂ ਦੀ ਦੁਕਾਨ, ਗੇਟ ਨੰ. 1 ਅਤੇ ਵੱਖਂ ਵੱਖਰੇ ਜ਼ਿਲ੍ਹਿਆਂ ਵਿਚ ਸਥਿਤ ਕ੍ਰਿਸ਼ੀ ਵਿਗਿਆਨ / ਫਾਰਮ ਸਲਾਹਕਾਰ ਕੇਂਦਰਾਂ ਅਤੇ ਖੇਤਰੀ ਖੋਜ ਕੇਂਦਰਾਂ ਵੱਲੋਂ ਵਾਜਬ ਕੀਮਤ ਤੇ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਜੀਵਾਣੂੰ ਖਾਦਾਂ ਸੰਬੰਧੀ ਵਧੇਰੇ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਸੀਮਾ ਗਰਚਾ, ਸੁਮਨ ਕੁਮਾਰੀ ਅਤੇ ਪ੍ਰਤਿਭਾ ਵਿਆਸ, ਮਾਈਕਰੋਬਾਇਓਲੋਜੀ ਵਿਭਾਗ,**
**ਮੋਬਾਇਲ : 94176-02272**


ਕਿਸਾਨ ਵੀਰੋ !

# ਪਰਾਲੀ ਨਾ ਸਾੜੋ

★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ।
★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ।
★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ।
★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ।
★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ।
★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ।
★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜੀਹ ਦਿਓ।
★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ।
★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**
**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**